ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 18 * Issue 10 | Daily Newspaper Wednesday, January 16, 2019 | Tel: 905-793-2202 Fax: 905-793-2282 news@punjabipost.ca



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2


# ਨੀਤੀਘਾੜਿਆਂ ਨੇ ਮੂਲੋਂ ਨਕਾਰਿਆ ਮੇਅ ਦਾ ਬ੍ਰੈਗਜ਼ਿਟ ਪਲੈਨ

## ਮੇਅ ਨੂੰ ਬੇਭਰੋਸਗੀ ਮਤੇ ਦਾ ਕਰਨਾ ਪਵੇਗਾ ਸਾਹਮਣਾ



ਲੰਡਨ, 15 ਜਨਵਰੀ (ਪੋਸਟ ਬਿਊਰੋ) : ਬ੍ਰਿਟਿਸ਼ ਨੀਤੀਘਾੜਿਆਂ ਨੇ ਪ੍ਰਧਾਨ ਮੰਤਰੀ ਥੈਰੇਸਾ ਮੇਅ ਵੱਲੋਂ ਯੂਰਪੀਅਨ ਯੂਨੀਅਨ ਨਾਲੋਂ ਤੋੜ ਵਿਛੋੜੇ ਲਈ ਲਿਆਂਦੀ ਡੀਲ ਨੂੰ ਮੂਲੋਂ ਨਕਾਰ ਦਿੱਤਾ। ਇਸ ਨਾਲ ਬ੍ਰੈਗਜ਼ਿਟ ਪ੍ਰਕਿਰਿਆ ਤਾਂ ਧਰੀ ਧਰਾਈ ਰਹਿ ਹੀ ਗਈ ਉਲਟਾ ਮੇਅ ਸਰਕਾਰ ਨੂੰ ਬੇਭਰੋਸਗੀ ਮਤੇ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ।

ਇਸ ਹਾਰ ਦੀਆਂ ਕਿਆਸਅਰਾਈਆਂ ਤਾਂ ਪਹਿਲਾਂ ਹੀ ਲਾਈਆਂ ਜਾ ਰਹੀਆਂ ਸਨ। ਪਰ ਜਿਸ ਪੱਧਰ ਉੱਤੇ ਮੇਅ ਨੂੰ ਹਾਰ ਮਿਲੀ ਉਸ ਨਾਲ ਉਨ੍ਹਾਂ ਦੀ ਕਮਜ਼ੋਰ ਲੀਡਰਸ਼ਿਪ ਨੂੰ ਨੁਕਸਾਨ ਪਹੁੰਚ ਸਕਦਾ ਹੈ। ਇਸ ਮੁੱਦੇ ਦੇ ਪੱਖ ਵਿੱਚ ਜਿੱਥੇ 202 ਵੋਟਾਂ ਪਈਆਂ ਉੱਥੇ ਹੀ ਇਸ ਦੇ ਖਿਲਾਫ 432 ਵੋਟਾਂ ਪਈਆਂ। ਇੱਥੇ ਦੱਸਣਾ ਬਣਦਾ ਹੈ ਕਿ ਬ੍ਰੈਗਜ਼ਿਟ ਡੀਲ ਨੂੰ ਸਿਰੇ ਚੜ੍ਹਾਉਣ ਲਈ ਮੇਅ ਨੇ ਇੱਕ ਪਾਸੇ ਆਪਣਾ ਸਿਆਸੀ ਕਰੀਅਰ ਦਾਅ ਉੱਤੇ ਲਾਇਆ ਤੇ ਦੂਜੇ ਪਾਸੇ ਦੋ ਸਾਲ ਗਾਲਣ ਦੇ ਬਾਵਜੂਦ ਉਨ੍ਹਾਂ ਦੇ ਹੱਥ ਕੁੱਝ ਨਹੀਂ ਲੱਗਿਆ। ਬ੍ਰਿਟੇਨ ਦੇ ਇਤਿਹਾਸ ਵਿੱਚ ਹਾਊਸ ਆਫ ਕਾਮਨਜ਼ ਵਿੱਚ ਸਰਕਾਰ ਨੂੰ ਮਿਲੀ ਇਹ ਵੱਡੀ ਹਾਰ ਹੈ।

ਸਪੀਕਰ ਜੌਹਨ ਬਰਕੋਅ ਨੇ ਇਸ ਸਬੰਧੀ ਨਤੀਜਿਆਂ ਦਾ ਐਲਾਨ ਕੀਤਾ। ਹੁਣ ਨੀਤੀਘਾੜੇ ਬੁੱਧਵਾਰ ਨੂੰ ਬੇਭਰੋਸਗੀ ਮਤੇ ਦੇ ਸਬੰਧ ਵਿੱਚ ਵੋਟ ਪਾਉਣਗੇ। ਜੇ ਸਰਕਾਰ ਹਾਰ ਜਾਂਦੀ ਹੈ ਤਾਂ ਨਤੀਜਿਆਂ ਨੂੰ ਪਲਟਾਉਣ ਲਈ ਉਨ੍ਹਾਂ ਕੋਲ 14 ਦਿਨ ਦਾ ਸਮਾਂ ਹੋਵੇਗਾ ਤੇ ਜਾਂ ਫਿਰ ਨੈਸ਼ਨਲ ਚੋਣਾਂ ਹੋਣਗੀਆਂ।

ਹਾਲਾਂਕਿ ਪਾਰਲੀਆਮੈਂਟ ਵਿੱਚ ਮੇਅ ਕੋਲ ਬਹੁਗਿਣਤੀ ਦਾ ਸਾਥ ਨਹੀਂ ਹੈ ਪਰ ਫਿਰ ਵੀ ਉਹ ਇਸ ਵੋਟ ਤੋਂ ਬਾਅਦ ਬਚ ਸਕਦੀ ਹੈ ਬਸ਼ਰਤੇ ਉਸ ਦੀ ਆਪਣੀ ਕੰਜ਼ਰਵੇਟਿਵ ਪਾਰਟੀ ਦੇ ਮੈਂਬਰ ਉਸ ਦੇ ਉਲਟ ਨਾ ਹੋਣ। ਇੱਥੇ ਦੱਸਣਾ ਬਣਦਾ ਹੈ ਕਿ ਨੌਰਦਰਨ ਆਇਰਲੈਂਡ ਡੈਮੋਕ੍ਰੈਟਿਕ ਯੂਨੀਅਨਿਸਟ ਪਾਰਟੀ ਨੇ ਸਪਸ਼ਟ ਕਰ ਦਿੱਤਾ ਹੈ ਕਿ ਉਹ ਮੇਅ ਦਾ ਸਾਥ ਦੇਣਗੇ।

# ਸ਼ੈਲਨਬਰਗ ਮਾਮਲੇ 'ਚ ਕੈਨੇਡਾ ਨੇ ਚੀਨ ਨੂੰ ਕੀਤੀ ਨਰਮੀ ਵਰਤਣ ਦੀ ਅਪੀਲ



ਕਿਊਬਿਕ, 15 ਜਨਵਰੀ (ਪੋਸਟ ਬਿਊਰੋ) : ਕੈਨੇਡਾ ਨੇ ਰਸਮੀ ਤੌਰ ਉੱਤੇ ਚੀਨ ਨੂੰ ਇਹ ਅਪੀਲ ਕੀਤੀ ਹੈ ਕਿ ਨਸ਼ਿਆਂ ਦੀ ਸਮਗਲਿੰਗ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੇ ਗਏ ਕੈਨੇਡੀਅਨ ਨੂੰ ਮੌਤ ਦੀ ਸਜ਼ਾ ਨਾ ਦਿੱਤੀ ਜਾਵੇ ਸਗੋਂ ਨਰਮੀ ਵਰਤੀ ਜਾਵੇ। ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਸੇਂਟ-ਹਿਆਸਿੰਥੇ, ਕਿਊਬਿਕ ਵਿੱਚ ਮੰਗਲਵਾਰ ਨੂੰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਅਸੀਂ ਕੈਨੇਡਾ ਵਿੱਚ ਚੀਨ ਦੇ ਅੰਬੈਸਡਰ ਨਾਲ ਪਹਿਲਾਂ ਹੀ ਗੱਲ ਕਰ ਚੁੱਕੇ ਹਾਂ ਤੇ ਇਸ ਮਾਮਲੇ ਵਿੱਚ ਸਾਡੇ ਵੱਲੋਂ ਰਹਿਮ ਦੀ ਅਪੀਲ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਐਬਸਫੋਰਡ, ਬੀਸੀ ਦੇ ਰੌਬਰਟ ਸ਼ੈਲਨਬਰਗ ਨੂੰ ਸੋਮਵਾਰ ਨੂੰ ਚੀਨ ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਇਸ ਤੋਂ ਪਹਿਲਾਂ ਇਸੇ ਜੁਰਮ ਲਈ ਉਸ ਨੂੰ 15 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਪਰ ਇਸ ਮਾਮਲੇ ਦੀ ਤਾਜ਼ਾ ਸੁਣਵਾਈ ਦੇ ਹੁਕਮ ਪਿੱਛੇ ਜਿਹੇ ਹੀ ਦਿੱਤੇ ਗਏ।

...ਬਾਕੀ ਪੰਨਾ 6 'ਤੇ

# ਕੈਨੇਡੀਅਨ ਨੂੰ ਮੌਤ ਦੀ ਸਜ਼ਾ ਸੁਣਾਏ ਜਾਣ ਬਾਰੇ ਟਰੂਡੋ ਦੀ ਟਿੱਪਣੀ ਨੂੰ ਚੀਨ ਨੇ ਦੱਸਿਆ ਗੈਰਜ਼ਿੰਮੇਵਰਾਨਾ



ਬੀਜਿੰਗ, 15 ਜਨਵਰੀ (ਪੋਸਟ ਬਿਊਰੋ) : ਕੈਨੇਡੀਅਨ ਵਿਅਕਤੀ ਨੂੰ ਡਰੱਗ ਸਮਗਲਿੰਗ ਦੇ ਮਾਮਲੇ ਵਿੱਚ ਮੌਤ ਦੀ ਸਜ਼ਾ ਸੁਣਾਏ ਜਾਣ ਉੱਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਚੀਨ ਉੱਤੇ ਆਪਹੁਦਰੇ ਢੰਗ ਨਾਲ ਫੈਸਲੇ ਲੈਣ ਦਾ ਦੋਸ਼ ਲਾਏ ਜਾਣ ਨੂੰ ਚੀਨ ਨੇ ਕਾਫੀ ਗੈਰਜ਼ਿੰਮੇਵਰਾਨਾ ਟਿੱਪਣੀ ਦੱਸਿਆ।

ਜ਼ਿਕਰਯੋਗ ਹੈ ਕਿ ਬੀਜਿੰਗ ਤੇ ਓਟਵਾ ਦਸੰਬਰ ਦੇ ਸ਼ੁਰੂ ਤੋਂ ਹੀ ਅਜੀਬ ਕਸ਼ਮਕਸ਼ ਵਿੱਚ ਉਲਝੇ ਹੋਏ ਹਨ। ਮਾਮਲਾ ਇੰਜ ਹੈ ਕਿ ਕੈਨੇਡੀਅਨ ਪੁਲਿਸ ਵੱਲੋਂ ਹੁਆਵੇਈ ਟੈਕਨਾਲੋਜੀਜ਼ ਕਾਰਪੋਰੇਸ਼ਨ ਲਿਮਟਿਡ ਦੀ ਚੀਫ ਫਾਇਨਾਂਸੀਅਲ ਆਫੀਸਰ ਮੈਂਗ ਵਾਨਜ਼ੋਊ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਕੁੱਝ ਦਿਨ ਬਾਅਦ ਹੀ ਚੀਨ ਨੇ ਦੇਸ ਦੀ ਸਕਿਊਰਿਟੀ ਨੂੰ ਖਤਰੇ ਦੱਸ ਕੇ ਦੋ ਕੈਨੇਡੀਅਨਾਂ ਨੂੰ ਸ਼ੱਕ ਦੇ ਆਧਾਰ ਉੱਤੇ ਨਜਰਬੰਦ ਕਰ ਲਿਆ। ਇਨ੍ਹਾਂ ਨਜਰਬੰਦ ਕੀਤੇ ਗਏ ਕੈਨੇਡੀਅਨਾਂ ਵਿੱਚੋਂ ਇੱਕ ਹਨ ਸਾਬਕਾ ਡਿਪਲੋਮੈਟ ਮਾਈਕਲ ਕੋਵਰਿਗ ਤੇ ਕਾਰੋਬਾਰੀ ਸਲਾਹਕਾਰ ਮਾਈਕਲ ਸਪੈਵਰ।

...ਬਾਕੀ ਪੰਨਾ 6 'ਤੇ

## ਫੋਰਡ ਵੱਲੋਂ ਓਸ਼ਵਾ ਪਲਾਂਟ ਸਬੰਧੀ ਕੰਪਨੀ ਦਾ ਫੈਸਲਾ ਬਦਲਾਉਣ ਦਾ ਭਰੋਸਾ : ਡਾਇਸ



ਓਨਟਾਰੀਓ, 15 ਜਨਵਰੀ (ਪੋਸਟ ਬਿਊਰੋ) : ਜਨਰਲ ਮੋਟਰਜ ਦੇ ਓਸਵਾ ਸਥਿਤ ਪਲਾਂਟ ਦੇ ਵਰਕਰਜ ਦੀ ਨੁਮਾਇੰਦਗੀ ਕਰਦੀ ਯੂਨੀਅਨ ਦੇ ਪ੍ਰਧਾਨ ਨੇ ਆਖਿਆ ਕਿ ਪ੍ਰੀਮੀਅਰ ਡੱਗ ਫੋਰਡ ਨੇ ਇਹ ਭਰੋਸਾ ਦਿਵਾਇਆ ਸੀ ਕਿ ਉਹ ਸਬੰਧਤ ਪਲਾਂਟ ਸਬੰਧੀ ਕੰਪਨੀ ਦੀ ਯੋਜਨਾ ਨੂੰ ਬਦਲਣ ਲਈ ਆਟੋਨਿਰਮਾਤਾ ਉੱਤੇ ਦਬਾਅ ਪਾਉਣਗੇ।

ਯੂਨੀਫੌਰ ਦੇ ਪ੍ਰੈਜ਼ੀਡੈਂਟ ਜੈਰੀ ਡਾਇਸ ਤੇ ਫੋਰਡ ਦਰਮਿਆਨ ਸੁਰੂਆਤ ਵਿੱਚ ਟੋਰਾਂਟੋ ਦੇ ਪੂਰਬ ਵਿੱਚ ਸਥਿਤ ਪਲਾਂਟ ਦੀ ਹੋਣੀ ਨੂੰ ਲੈ ਕੇ ਵਿਵਾਦ ਸੀ। ਪ੍ਰੀਮੀਅਰ ਦਾ ਕਹਿਣਾ ਸੀ ਕਿ ਜੀਐਮ ਦੇ ਪ੍ਰਬੰਧਕਾਂ ਦੇ ਮਨ ਬਦਲਣੇ ਕਾਫੀ ਔਖੇ ਹਨ। ਪਰ ਡਿਟਰੌਇਟ ਵਿੱਚ ਆਟੋ ਸੋਅ ਵਿੱਚ ਮੀਟਿੰਗ ਤੋਂ ਬਾਅਦ ਡਾਇਸ ਨੇ ਆਖਿਆ ਕਿ ਪ੍ਰੀਮੀਅਰ ਨੇ ਕੰਪਨੀ ਨੂੰ ਆਪਣਾ ਪਲਾਂਟ ਚੱਲਦਾ ਰੱਖਣ ਲਈ ਦਬਾਅ ਪਾਉਣ ਦਾ ਤਹੱਈਆ ਪ੍ਰਗਟਾਇਆ ਸੀ। ਇਹ ਇੱਕ ਚੰਗਾ ਕਦਮ ਹੋਵੇਗਾ।

ਜਿਕਰਯੋਗ ਹੈ ਕਿ ਜੇ ਇਹ ਪਲਾਂਟ ਬੰਦ ਹੁੰਦਾ ਹੈ ਤਾਂ ਇਸ ਨਾਲ 2600 ਕਾਮੇ ਵਿਹਲੇ ਹੋ ਜਾਣਗੇ। ਮੀਟਿੰਗ ਤੋਂ ਬਾਅਦ ਫੋਰਡ ਨੇ ਵੀ ਇਹੋ ਆਖਿਆ ਕਿ ਡਾਇਸ ਨਾਲ ਉਨ੍ਹਾਂ ਦੀ ਮੁਲਾਕਾਤ ਕਾਫੀ ਸਕਾਰਾਤਮਕ ਰਹੀ ਤੇ ਉਨ੍ਹਾਂ ਇਸ ਗੱਲ ਉੱਤੇ ਵਿਚਾਰ ਕੀਤਾ ਕਿ ਪਲਾਂਟ ਨੂੰ ਬੰਦ ਕਰਨ ਤੋਂ ਕਿਵੇਂ ਰੋਕਿਆ ਜਾਵੇ ਤੇ ਰਲ ਕੇ ਕਿਵੇਂ ਕੰਮ ਕੀਤਾ ਜਾ ਸਕਦਾ ਹੈ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME | AUTO | BUSINESS | TRUCKING | R.E.S.P | COMMERCIAL
CONNEX Insurance Brokers Ltd.
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Aaxel Insurance Brokers Ltd.

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Brokerage Lic 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
Immigration | Real Estate
Family Law | Business Closing
Corporate | Wills & Estate
Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ ।

HSBA TAX SERVICES
ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration - Federal $240, Ontario $380*
Initial Business Setup and Consultation
Personal & Corporation
Accounting & Bookkeeping Services
Tax Planning
HST, WSIB & Payroll Taxes
CRA Appeals, Audits & Notice of Objection
Cash Flow, Forecasts & Project Reports
Registered Education Saving Plans (RESPs)
Prabhjot Kaur Sr. Accountant, M.B.A
Email:info@hsbatax.com
Tel: 647-720-5278 | 20%Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator
647.990.3205

INSURANCE
Punjab Insurance Group
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# Jobs Jobs Jobs

## General Labour/ Drivers/ Window Assemblers & Machine Operators

## ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-

**416 477 3344**

2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Signature.ca



WESTJET vacations, transat, sunwing, AIR CANADA VACATIONS, tico.ca, IATA

Call Us For Guaranteed Lowest Airfare ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

SimConnect FREIGHT MANAGEMENT

## HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

Owner Operator up to 1.65 Per miles

Company Drivers :
Solo/Team : upto .65 Cents Per Mile



Sim Connect Freight Management

24 Hrs Dispatch

Ph: (905)915-1805/(905)799-8822
3380 Airway Dr Mississauga Ontario L4T1V3

chatr MOBILE

NEW

# NATION-WIDE
TALK, TEXT & DATA PLANS
FROM
# $35/MO.

NO OVERAGE CHARGES, NO TERM CONTRACTS, NO CREDIT CHECKS

LET'S GET GOING
CHATRMOBILE.COM

VISIT OUR LOCATIONS TODAY!

379 Main St. North, Brampton, ON    2456 Lake Shore Blvd W., Etobicoke, ON

chatr AUTHORIZED DEALER

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2018

## ਅੱਜ ਨਾਮਾ

ਜਮਨਾ ਦਾਸ ਨੂੰ ਕਹਿੰਦਾ ਗਿਆਨ ਮਿਸ਼ਰਾ,
ਪ੍ਰਯਾਗਰਾਜ ਦੇ ਤੀਕਰ ਬਈ ਜਾ ਆਈਏ।
ਅਰਧ ਕੁੰਭ ਲਈ ਗਿਆ ਹੈ ਮੁਲਕ ਸਾਰਾ,
ਚੱਲ ਖਾਂ ਆਪਾਂ ਵੀ, ਹਾਜ਼ਰੀ ਪਾ ਆਈਏ।
ਕਰਨ ਪਹੁੰਚੇ ਇਸ਼ਨਾਨ ਕਈ ਸੰਤ-ਸਾਧੂ,
ਚਰਨੀਂ ਮਿੱਤਰ ਜੀ ਸੀਸ ਨਿਵਾ ਆਈਏ।
ਕਹਿੰਦੇ ਹੁੰਦੀ ਨਹਾਉਣ ਤੋਂ ਪਾਪ ਮੁਕਤੀ,
ਗੋਤੇ ਸੰਗਮ ਤ੍ਰਿਬੈਣੀ ਵਿੱਚ ਲਾ ਆਈਏ।
ਸੁਣ ਕੇ ਲੱਗਾ ਸੀ ਕਹਿਣ ਗਿਆਨ ਮਿਸ਼ਰਾ,
ਆਪਾਂ ਜਾਣਾ ਕੀ ਓਧਰ ਆ ਕਰਨ ਮਿੱਤਰ।
ਓਧਰ ਉਨ੍ਹਾਂ ਨੂੰ ਜਾਵਣ ਤੇ ਨ੍ਹਾਉਣ ਦੇਈਏ,
ਕਰ ਕੇ ਪਾਪ ਜਿਹੜੇ ਪਿੱਛੋਂ ਡਰਨ ਮਿੱਤਰ।

**ਤੀਸ ਮਾਰ ਖਾਂ**

# ਮੋਦੀ ਨੂੰ ਦਿੱਤੇ ਗਏ 'ਫਿਲਿਪ ਕੋਟਲਰ ਐਵਾਰਡ' ਦਾ ਰਾਹੁਲ ਗਾਂਧੀ ਨੇ ਮਜ਼ਾਕ ਉਡਾਇਆ



ਨਵੀਂ ਦਿੱਲੀ, 15 ਜਨਵਰੀ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੀਤੇ ਸੋਮਵਾਰ ਨੂੰ ਪਹਿਲਾ 'ਫਿਲਿਪ ਕੋਟਲਰ ਪ੍ਰੈਜ਼ੀਡੈਂਸ਼ੀਅਲ ਐਵਾਰਡ' ਦਿੱਤੇ ਜਾਣ ਉੱਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਵਿਅੰਗ ਕੀਤਾ ਹੈ।

ਅੱਜ ਮੰਗਲਵਾਰ ਨੂੰ ਰਾਹੁਲ ਗਾਂਧੀ ਨੇ ਟਵੀਟ ਕਰ ਕੇ ਕਿਹਾ, 'ਮੈਂ ਦੁਨੀਆ ਭਰ ਦੇ ਪ੍ਰਸਿੱਧ ਕੋਟਲਰ ਪ੍ਰੈਜ਼ੀਡੈਂਸ਼ੀਅਲ ਐਵਾਰਡ ਦੀ ਪ੍ਰਾਪਤੀ ਲਈ ਸਾਡੇ ਪ੍ਰਧਾਨ ਮੰਤਰੀ ਨੂੰ ਵਧਾਈ ਦਿੰਦਾ ਹਾਂ। ਅਸਲ ਵਿੱਚ ਇਹ ਏਨਾ ਪ੍ਰਸਿੱਧ ਐਵਾਰਡ ਹੈ ਕਿ ਇਸ ਦੇ ਵਾਸਤੇ ਕੋਈ ਚੋਣ ਬੋਰਡ ਹੀ ਨਹੀਂ ਹੈ, ਇਹ ਪਹਿਲਾਂ ਕਦੇ ਕਿਸੇ ਨੂੰ ਦਿੱਤਾ ਵੀ ਨਹੀਂ ਗਿਆ। ਅਲੀਗੜ੍ਹ ਦੀ ਇਕ ਕੰਪਨੀ ਵਲੋਂ ਇਹ ਸਪਾਂਸਰ ਕੀਤਾ ਗਿਆ ਹੈ, ਉਸ ਕੰਪਨੀ ਦਾ ਕਦੇ ਨਾਂ ਨਹੀਂ ਵੀ ਸੁਣਿਆ।'



ਇਸ ਐਵਾਰਡ ਸਮਾਰੋਹ ਦੇ ਪਾਰਟਨਰ ਬਾਰੇ ਵੀ ਰਾਹੁਲ ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਇਹ ਸਭ ਮੋਦੀ ਸਰਕਾਰ ਦੇ ਸਮਰਥਕਾਂ ਨੇ ਹੀ ਕੀਤਾ ਸੀ। ਉਨ੍ਹਾਂ ਕਿਹਾ ਕਿ 'ਪ੍ਰੋਗਰਾਮ ਦੇ ਸਾਂਝੇਦਾਰ: ਪਤੰਜਲੀ ਅਤੇ ਰਿਪਬਲਿਕ ਟੀ ਵੀ।' ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਹ ਐਵਾਰਡ ਸੋਮਵਾਰ ਨੂੰ ਦਿੱਤਾ ਗਿਆ ਸੀ। ਸੋਮਵਾਰ ਨੂੰ ਇਸ ਬਾਰੇ ਪ੍ਰਧਾਨ ਮੰਤਰੀ ਦਫਤਰ ਤੋਂ ਜਾਰੀ ਬਿਆਨ ਵਿਚ ਕਿਹਾ ਗਿਆ ਸੀ ਕਿ ਇਹ ਐਵਾਰਡ ਤਿੰਨ ਆਧਾਰ ਰੇਖਾਵਾਂ: 'ਪੀਪੁਲ, ਪ੍ਰਾਫਿਟ ਅਤੇ ਪਲੈਨਟ' ਉੱਤੇ ਕੇਂਦਰਿਤ ਹੈ। ਇਹ ਐਵਾਰਡ ਹਰ ਸਾਲ ਕਿਸੇ ਦੇਸ਼ ਦੇ ਨੇਤਾ ਨੂੰ ਦਿੱਤਾ ਜਾਵੇਗਾ। ਐਵਾਰਡ ਦੇ ਪ੍ਰਸ਼ੰਸਾ ਪੱਤਰ ਵਿਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੋਣ ਆਪਣੇ ਦੇਸ਼ ਨੂੰ ਵਧੀਆ ਲੀਡਰਸ਼ਿਪ ਪ੍ਰਦਾਨ ਕਰਨ ਲਈ ਕੀਤੀ ਗਈ ਹੈ।

## ਸੀਆਈਐਫ ਦੀ ਅਗਵਾਈ 'ਚ ਕਾਰੋਬਾਰੀਆਂ ਤੇ ਵਿਦਵਾਨਾਂ ਦਾ ਵਫਦ ਜਾਵੇਗਾ ਭਾਰਤ

ਟੋਰਾਂਟੋ, 15 ਜਨਵਰੀ (ਪੋਸਟ ਬਿਊਰੋ) : ਕੈਨੇਡਾ ਇੰਡੀਆ ਫਾਊਂਡੇਸ਼ਨ (ਸੀਆਈਐਫ) ਦੀ ਅਗਵਾਈ ਵਿੱਚ ਕੈਨੇਡਾ ਦੇ ਨਿੱਕੇ ਕਾਰੋਬਾਰੀਆਂ ਤੇ ਵਿਦਵਾਨਾਂ ਦਾ ਇੱਕ ਵਫਦ 16 ਤੇ 19 ਜਨਵਰੀ 2019 ਦਰਮਿਆਨ ਭਾਰਤ ਦੇ ਦੌਰੇ ਉੱਤੇ ਜਾਵੇਗਾ। ਇਹ ਵਫਦ 16 ਤੇ 17 ਜਨਵਰੀ ਨੂੰ ਨਵੀਂ ਦਿੱਲੀ ਹੋਵੇਗਾ ਤੇ 18 ਅਤੇ 19 ਜਨਵਰੀ ਨੂੰ ਗਾਂਧੀਨਗਰ ਜਾਵੇਗਾ। ਨਵੀਂ ਦਿੱਲੀ ਵਿੱਚ ਸੀਆਈਐਫ ਸੈਨੇਕਾ ਕਾਲਜ ਤੇ ਪੀਐਚਡੀ ਚੇਂਬਰ ਆਫ ਕਾਮਰਸ ਐਂਡ ਇੰਡਸਟਰੀ ਨਾਲ ਦੋ ਸੈਮੀਨਾਰ ਕਰਾਵੇਗੀ। ਇਨ੍ਹਾਂ ਸੈਮੀਨਾਰਜ਼ ਦੇ ਵਿਸ਼ੇ ਹੋਣਗੇ : ਐਜੂਕੇਸ਼ਨ ਐਂਡ ਸਕਿੱਲਜ਼ ਡਿਵੈਲਪਮੈਂਟ ਅਤੇ ਇਨੋਵੇਸ਼ਨ ਐਂਡ ਐਂਟਰਪ੍ਰਾਈਜ਼। ਗਾਂਧੀਨਗਰ ਵਿੱਚ ਸੀਆਈਐਫ ਵਫਦ ਦੇ ਮੈਂਬਰ ਵਾਈਬ੍ਰੈਂਟ ਗੁਜਰਾਤ ਗਲੋਬਲ ਸਮਿਟ 2019 ਵਿੱਚ ਹਿੱਸਾ ਲੈਣਗੇ। ਇਸ ਤੋਂ ਇਲਾਵਾ ਸੀਆਈਐਫ ਡਿਪਾਰਟਮੈਂਟ ਆਫ ਐਜੂਕੇਸ਼ਨ, ਗੁਜਰਾਤ ਸਰਕਾਰ ਤੇ ਪੰਡਤ ਦੀਨਦਿਆਲ ਪੈਟਰੋਲੀਅਮ ਯੂਨੀਵਰਸਿਟੀ ਨਾਲ ਮਿਲ ਕੇ 18 ਜਨਵਰੀ, 2019 ਨੂੰ ਇੰਟਰਨੈਸ਼ਨਲ ਯੂਨੀਵਰਸਿਟੀਜ਼ ਕੌਨਕਲੇਵ ਦਾ ਆਯੋਜਨ ਕਰੇਗੀ। ਜਿਸ ਦਾ ਉਦਘਾਟਨ ਗੁਜਰਾਤ ਦੇ ਸਿੱਖਿਆ ਮੰਤਰੀ ਭੁਪਿੰਦਰਸਿਨ੍ਹ ਚੁਡਸਮਾ ਕਰਨਗੇ ਤੇ ਇਸ ਵਿੱਚ ਸੈਨੇਕਾ ਕਾਲਜ ਤੇ ਯੌਰਕ ਯੂਨੀਵਰਸਿਟੀ ਸਮੇਤ 12 ਕੌਮਾਂਤਰੀ ਯੂਨੀਵਰਸਿਟੀਜ਼ ਹਿੱਸਾ ਲੈਣਗੀਆਂ।

ਇਸ ਦੌਰਾਨ ਅਹਿਮਦਾਬਾਦ ਦੀ ਮੇਅਰ ਬਿਜਲ ਪਟੇਲ ਵੱਲੋਂ ਸੀਆਈਐਫ ਵਫਦ ਲਈ ਡਿਨਰ ਵੀ ਦਿੱਤਾ ਜਾਵੇਗਾ। 19 ਜਨਵਰੀ ਨੂੰ ਸੀਆਈਐਫ ਗਲੋਬਲ ਕੌਲਕਲੇਵ ਆਫ ਇੰਟਰਨੈਸ਼ਨਲ ਐਂਡ ਨੈਸ਼ਨਲ ਚੇਂਬਰਜ਼ ਦੇ ਸਮਾਰੋਹ ਵਿੱਚ ਹਿੱਸਾ ਲਵੇਗੀ। ਇਸ ਦਾ ਆਯੋਜਨ ਗੁਜਰਾਤ ਚੇਂਬਰ ਆਫ ਕਾਮਰਸ ਐਂਡ ਇੰਡਸਟਰੀ ਵੱਲੋਂ ਵਾਇਬ੍ਰੈਂਟ ਗੁਜਰਾਤ 2019 ਸਿਖਰਵਾਰਤਾ ਤਹਿਤ ਕੀਤਾ ਜਾਵੇਗਾ। ਇਸ ਦੌਰਾਨ ਐਮਓਯੂ ਵੀ ਸਾਈਨ ਕੀਤਾ ਜਾਵੇਗਾ।

# ਐੱਮ.ਪੀ. ਰੂਬੀ ਸਹੋਤਾ ਦੇ ਸਲਾਨਾ ਓਪਨ ਹਾਊਸ 'ਚ ਸੈਂਕੜਿਆਂ ਦੀ ਗਿਣਤੀ ਵਿਚ ਲੋਕਾਂ ਨੇ ਕੀਤੀ ਸ਼ਿਰਕਤ

ਬਰੈਂਪਟਨ, (ਡਾ. ਝੰਡ) -ਬੀਤੇ ਸ਼ਨੀਵਾਰ 12 ਜਨਵਰੀ ਨੂੰ ਬਰੈਂਪਟਨ ਨੌਰਥ ਦੀ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਨੇ ਆਪਣੇ ਦਫ਼ਤਰ ਵਿਚ ਸਲਾਨਾ ਓਪਨ ਹਾਊਸ ਵਿਚ ਆਉਣ ਵਾਲੇ ਲੋਕਾਂ ਦਾ ਸੁਆਗ਼ਤ ਕੀਤਾ ਅਤੇ ਉਨ੍ਹਾਂ ਨੂੰ 'ਜੀ-ਆਇਆਂ' ਕਿਹਾ। ਸੈਂਕੜਿਆਂ ਦੀ ਗਿਣਤੀ ਵਿਚ ਪਹੁੰਚੇ ਲੋਕਾਂ ਵਿਚ ਬਰੈਂਪਟਨ ਨੌਰਥ



ਇਲਾਕਾ-ਵਾਸੀ, ਬਿਜ਼ਨੈੱਸ ਅਦਾਰਿਆਂ ਦੇ ਮਾਲਕ ਅਤੇ ਕਈ ਕਮਿਊਨਿਟੀ ਆਰਗੇਨਾਈਜ਼ੇਸ਼ਨਾਂ ਦੇ ਨੁਮਾਇੰਦੇ ਸ਼ਾਮਲ ਸਨ।

ਇਸ ਸਲਾਨਾ ਓਪਨ ਹਾਊਸ ਨੇ ਜਿੱਥੇ ਬਰੈਂਪਟਨ ਨੌਰਥ ਦੇ ਨਿਵਾਸੀਆਂ ਲਈ ਆਪਣੀ ਹਰਮਨ-ਪਿਆਰੀ ਮੈਂਬਰ ਪਾਰਲੀਮੈਂਟ ਨੂੰ ਮਿਲਣ, ਉਨ੍ਹਾਂ ਨਾਲ ਸੰਖੇਪ ਗੱਲਬਾਤ ਕਰਨ ਅਤੇ ਇਕ ਦੂਸਰੇ ਨਾਲ ਨਵੇਂ ਸਾਲ ਦੀ ਮੁਬਾਰਕ-ਬਾਦ ਸਾਂਝੀ ਕਰਨ ਲਈ ਸੁਨਹਿਰੀ-ਮੌਕਾ ਪ੍ਰਦਾਨ ਕੀਤਾ, ਉੱਥੇ ਇਸ ਦੇ ਨਾਲ ਹੀ ਉਨ੍ਹਾਂ ਨੇ ਲਿਬਰਲ ਸਰਕਾਰ ਦੀਆਂ ਮਿਡਲ ਕਲਾਸ ਪੱਖੀ ਪ੍ਰੋਗਰਾਮਾਂ, ਦੇਸ਼ ਦੇ ਅਰਥਚਾਰੇ ਨੂੰ ਹੋਰ ਅੱਗੇ ਲਿਜਾਣ ਵਾਲੀਆਂ ਯੋਜਨਾਵਾਂ ਅਤੇ ਸਮੂਹ ਕੈਨੇਡਾ-ਵਾਸੀਆਂ ਦੇ ਉੱਜਲ ਭਵਿੱਖ ਲਈ ਪੂੰਜੀ ਨਿਵੇਸ਼ ਕਰਨ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ। ਸਰਕਾਰ ਦੀਆਂ ਇਨ੍ਹਾਂ ਪ੍ਰਾਪਤੀਆਂ ਬਾਰੇ ਅਤੇ ਹੋਰ ਕਈ ਕਿਸਮ ਦੀ ਜਾਣਕਾਰੀ ਕੰਧ ਨਾਲ ਲੱਗੇ ਇਸ਼ਤਿਹਾਰਾਂ ਉੱਪਰ ਉਪਲੱਬਧ ਕਰਾਈ ਗਈ ਅਤੇ ਮੌਕੇ 'ਤੇ ਮੌਜੂਦ ਰੂਬੀ ਸਹੋਤਾ ਦੇ ਸੁਯੋਗ ਸਟਾਫ਼ ਨੇ ਲੋਕਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜੁਆਬ ਦਿੱਤੇ। ਇਸ ਮੌਕੇ ਬੋਲਦਿਆਂ ਰੂਬੀ ਸਹੋਤਾ ਨੇ ਕਿਹਾ,"ਮੈਂ ਇਸ ਸਲਾਨਾ ਓਪਨ ਹਾਊਸ ਵਿਚ ਆਏ ਹਰੇਕ ਸ਼ੁਭ-ਚਿੰਤਕ ਦਾ ਧੰਨਵਾਦ ਕਰਦੀ ਹਾਂ। ਆਉਣ ਵਾਲੇ ਹਰ ਇਕ ਵਿਅੱਕਤੀ ਨੂੰ ਮਿਲਣਾ ਮੇਰੀ ਪ੍ਰਾਥਮਿਕਤਾ ਵਿਚ ਸ਼ਾਮਲ ਹੈ ਅਤੇ ਮੇਰਾ ਸਟਾਫ਼ ਵੀ ਹਰ ਸਾਲ ਵੱਧ ਤੋਂ ਵੱਧ ਲੋਕਾਂ ਨੂੰ ਮਿਲ ਕੇ ਪ੍ਰਸੰਨ ਹੁੰਦਾ ਹੈ। ਸਾਡੀ ਸਰਕਾਰ ਨੂੰ ਆਪਣੇ ਕੀਤੇ ਹੋਏ ਕੰਮਾਂ ਉੱਪਰ ਫ਼ਖ਼ਰ ਹਾਸਲ ਹੈ ਅਤੇ ਇਸ ਈਵੈਂਟ ਵਿਚ ਆਉਣ ਵਾਲਿਆਂ ਨਾਲ ਇਹ ਗੱਲਬਾਤ ਦਾ ਮੁੱਖ ਵਿਸ਼ਾ ਰਿਹਾ ਹੈ।" ਉਨ੍ਹਾਂ ਕਿਹਾ ਕਿ ਸਰਕਾਰ ਕੈਨੇਡਾ ਬੈਨੀਫ਼ਿਟ ਤੋਂ ਲੈ ਕੇ ਮਿਡਲ ਕਲਾਸ ਤੇ ਛੋਟੇ ਕਾਰੋਬਾਰਾਂ ਉੱਪਰ ਟੈਕਸ ਘਟਾਉਣ ਅਤੇ ਕੈਨੇਡਾ-ਵਾਸੀਆਂ ਦੀ ਮਦਦ ਕਰਨ ਲਈ ਵਚਨਬੱਧ ਹੈ। ਇਸ ਦੇ ਨਾਲ ਹੀ ਇਨਫ਼ਰਾ-ਸਟਰੱਕਚਰ ਤੇ ਪਬਲਿਕ ਟ੍ਰਾਂਜ਼ਿਟ ਦੀਆਂ ਸਹੂਲਤਾਂ ਪ੍ਰਦਾਨ ਕਰਨੀਆਂ ਅਤੇ ਕਾਰਬਨ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਇਸ ਦੀ ਕੀਮਤ ਚੁਕਾਉਣਾ ਵੀ ਸ਼ਾਮਲ ਹੈ। ਉਨ੍ਹਾਂ ਹੋਰ ਦੱਸਿਆ ਕਿ ਉਨ੍ਹਾਂ ਦੇ ਸਟਾਫ਼ ਨੇ ਸਾਲ 2019 ਲਈ ਅਜਿਹੇ ਕਈ ਹੋਰ ਈਵੈਂਟ ਮਨਾਉਣ ਲਈ ਯੋਜਨਾ ਬਣਾਈ ਹੈ।

## ਬਲਬੀਰ ਮੋਮੀ ਚੇਅਰਮੈਨ ਨਿਯੁਕਤ

ਬਰੈਂਪਟਨ: ਇੰਟਰਨੈਸ਼ਨਲ ਸਰਵ ਕੰਬੋਜ ਸਮਾਜ ਦੇ ਪ੍ਰਧਾਨ ਬੌਬੀ ਕੰਬੋਜ ਨੇ ਟਰਾਂਟੋ ਫੇਰੀ ਦੌਰਾਨ ਦਿਤੇ ਬਿਆਨ ਅਨੁਸਾਰ ਕਿਹਾ ਕਿ ਉਘੇ ਲੇਖਕ ਬਲਬੀਰ ਮੋਮੀ ਨੂੰ ਉਨਟੈਰੀਓ ਸੂਬੇ ਦਾ ਚੇਅਰਮੈਨ ਨਿਯੁਕਤ ਕੀਤਾ ਜਾਂਦਾ ਹੈ। ਚੇਤੇ ਰਹੇ ਕਿ ਪਿਛਲੇ ਦਿਨੀਂ ਸ਼ਹੀਦ ਊਧਮ ਸਿੰਘ ਦਾ ਜਨਮ ਦਿਹਾੜਾ ਡਿਕਸੀ ਰੋਡ ਗੁਰਦਵਾਰਾ ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਗਿਆ ਸੀ। ਇਸ ਲੜੀ ਨੂੰ ਅਗੇ ਤੋਰਦਿਆਂ ਹੀ ਇਹ ਨਿਯੁਕਤੀ ਕੀਤੀ ਗਈ ਹੈ। ਟਰਾਂਟੋ ਵਾਸੀ ਬਲਬੀਰ ਸਿੰਘ ਮੋਮੀ ਵੱਲੋਂ ਵਿਸ਼ਵਾਸ਼ ਦਵਾਇਆ ਗਿਆ ਹੈ ਕਿ ਆਉਣ ਵਾਲੇ ਸਮੇਂ ਵਿਚ ਇੰਟਰਨੈਸ਼ਨਲ ਸਰਵ ਕੰਬੋਜ ਸੰਸਥਾ ਦੀ ਇਕਾਈ ਵਿਚ ਵਾਧਾ ਕੀਤਾ ਜਾਵੇਗਾ। ਭਵਿੱਖ ਵਿਚ ਵਧ ਚੜ੍ਹਕੇ ਇਹੋ ਜਿਹੇ ਹੋਰ ਪਰੋਗਰਾਮ ਉਲੀਕੇ ਜਾਣਗੇ। ਬੌਬੀ ਕੰਬੋਜ ਨੇ ਆਸ ਪਰਗਟ ਕੀਤੀ ਕਿ ਔਣ ਵਾਲੇ ਸਮੇਂ ਜੀ ਟੇ ਏ ਵਿਚ ਕਿਸੇ ਢੁਕਵੀਂ ਥਾਂ ਤੇ ਸ਼ਹੀਦ ਊਧਮ ਸਿੰਘ ਦਾ ਬੁਤ ਲਾਇਆ ਜਾਵੇਗਾ। ਇਸ ਫੈਸਲੇ ਮੌਕੇ ਪ੍ਰਧਾਨ ਸੁਖਬੀਰ ਸਿੰਘ ਚੀਮਾ ਵੀ ਹਾਜ਼ਰ ਸਨ।


COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by Upto 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
416.677.0047
Jaspal Singh Gahunia #M08006400

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79
Automatic & Manual Trucks
1:1 Training
Forklift Training
Reach Truck
Air Brake Classes Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੌਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician) 647-716-2677

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਸ਼ੱਟ-ਡਾਊਨ ਦੇ ਕਾਰਨ ਰਾਸ਼ਟਰਪਤੀ ਟਰੰਪ ਦੇ ਰਸੋਈਏ ਵੀ ਕੰਮ ਛੱਡ ਕੇ ਤੁਰਦੇ ਬਣੇ

### * ਫੁੱਟਬਾਲ ਟੀਮ ਦੀ ਪਾਰਟੀ ਲਈ ਪੀਜ਼ਾ, ਬਰਗਰ ਬਾਹਰੋਂ ਮੰਗਾਏ ਗਏ





ਵਾਸ਼ਿੰਗਟਨ, 15 ਜਨਵਰੀ, (ਪੋਸਟ ਬਿਊਰੋ)- ਅਮਰੀਕਾ ਦੇ ਇਤਿਹਾਸ ਵਿੱਚ ਸਭ ਤੋਂ ਲੰਬੇ ਚੱਲ ਰਹੇ ਸ਼ੱਟ-ਡਾਊਨ ਦਾ ਅਸਰ ਰਾਸ਼ਟਰਪਤੀ ਡੋਨ-ਾਲਡ ਟਰੰਪ ਦੇ ਸਰਕਾਰੀ ਘਰ ਵ੍ਹਾਈਟ ਹਾਊਸ ਉੱਤੇ ਵੀ ਪੈ ਗਿਆ ਹੈ। ਬੀਤੇ ਕੁਝ ਹਫਤਿਆਂ ਤੋਂ ਤਨਖਾਹਾਂ ਨਾ ਮਿਲਣ ਕਾਰਨ ਵ੍ਹਾਈਟ ਹਾਊਸ ਕਿਚਨ ਦੇ ਸ਼ੈੱਫ (ਰਸੋਈਏ) ਛੁੱਟੀ ਚਲੇ ਗਏ ਅਤੇ ਵ੍ਹਾਈਟ ਹਾਊਸ ਕਿਚਨ ਠੱਪ ਹੋ ਗਿਆ ਹੈ। ਜਿਹੜੇ ਮਹਿਮਾਨਾਂ ਨੂੰ ਪਹਿਲਾਂ ਤੋਂ ਲੰਚ ਜਾਂ ਡਿਨਰ ਦੇ ਲਈ ਸੱਦਾ ਦਿੱਤਾ ਜਾ ਚੁੱਕਾ ਸੀ, ਉਨ੍ਹਾਂ ਦੇ ਲਈ ਰਾਸ਼ਟਰਪਤੀ ਟਰੰਪ ਨੇ ਫਾਸਟਫੂਡ ਦਾ ਪ੍ਰਬੰਧ ਕਰ ਕੇ ਪੀਜ਼ਾ ਅਤੇ ਬਰਗਰ ਖੁਆਉਣਾ ਸ਼ੁਰੂ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਅਮਰੀਕਾ-ਮੈਕਸੀਕੋ ਬਾਰਡਰ ਉੱਤੇ ਕੰਧ ਬਣਾਉਣ ਲਈ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਾਰਲੀਮੈਂਟ ਤੋਂ ਪਿਛਲੇ ਮਹੀਨੇ 5.7 ਬਿਲੀਅਨ ਡਾਲਰ ਦੀ ਮੰਗ ਕੀਤੀ ਸੀ। ਉਨ੍ਹਾ ਦੀ ਮੰਗ ਨੂੰ ਡੈਮੋਕਰੇਟ ਬਹੁ-ਗਿਣਤੀ ਵਾਲੀ ਪਾਰਲੀਮੈਂਟ ਨੇ ਠੁਕਰਾ ਦਿੱਤਾ ਤੇ ਇਸ ਦੇ ਨਾਲ ਅਮਰੀਕਾ ਵਿੱਚ ਸ਼ੱਟ-ਡਾਊਨ ਦਾ ਐਲਾਨ ਹੋ ਗਿਆ। ਅਮਰੀਕਾ ਦੇ ਇਤਿਹਾਸ ਦਾ ਇਹ ਸਭ ਤੋਂ ਵੱਡਾ ਸ਼ੱਟ-ਡਾਊਨ ਹੋ ਗਿਆ ਅਤੇ ਸੋਮਵਾਰ ਨੂੰ 22 ਦਿਨ ਟੱਪ ਚੁੱਕਾ ਹੈ। ਇਸ ਤੋਂ ਪਹਿਲਾਂ ਰਾਸ਼ਟਰਪਤੀ ਬਿਲ ਕਲਿੰਟਨ ਦੇ ਰਾਜ ਵਿੱਚ ਸਭ ਤੋਂ ਲੰਬਾ ਸ਼ੱਟ-ਡਾਊਨ 21 ਦਿਨ ਚੱਲਿਆ ਸੀ।

ਅਖਬਾਰ ਟੈਲੀਗ੍ਰਾਫ ਦੀ ਖਬਰ ਮੁਤਾ-ਬਕ ਡੋਨਾਲਡ ਟਰੰਪ ਨੇ ਅਮਰੀਕੀ ਕਾਲਜ ਫੁੱਟਬਾਲ ਚੈਂਪੀਅਨਸ਼ਿਪ ਦੀ ਜੇਤੂ ਟੀਮ ਕਲੇਮਸਨ ਟਾਈਗਰਸ ਨੂੰ ਸੋਮਵਾਰ ਵ੍ਹਾਈਟ ਹਾਊਸ ਵਿੱਚ ਲੰਚ ਲਈ ਸੱਦਿਆ ਸੀ, ਪਰ ਉਸ ਦਿਨ ਬਿਨਾਂ ਸੈਲਰੀ ਦੇ ਕੰਮ ਕਰਨ ਤੋਂ ਨਾਂਹ ਕਰ ਕੇ ਵ੍ਹਾਈਟ ਹਾਊਸ ਕਿਚਨ ਦੇ ਸ਼ੈੱਫ ਛੁੱਟੀ ਚਲੇ ਗਏ। ਇਸ ਮੌਕੇ ਰਾਸ਼ਟਰਪਤੀ ਟਰੰਪ ਨੇ ਵ੍ਹਾਈਟ ਹਾਊਸ ਡਾਈਨਿੰਗ ਰੂਮ ਵਿੱਚ ਮਹਿਮਾਨਾਂ ਲਈ ਫਾਸਟਫੂਡ ਆਰਡਰ ਕਰ ਕੇ ਪੀਜ਼ਾ, ਬਰਗਰ ਅਤੇ ਫ੍ਰੈਂਚ ਫ੍ਰਾਈਜ਼ ਦਾ ਬਾਹਰੋਂ ਪ੍ਰਬੰਧ ਕਰ ਾਇਆ। ਖਾਸ ਗੱਲ ਇਹ ਹੈ ਕਿ ਰਾਸ਼ਟਰਪਤੀ ਟਰੰਪ ਨੇ ਇਹ ਆਰਡਰ ਆਪਣੀ ਨਿੱਜੀ ਜੇਬ ਵਿੱਚੋਂ ਮੰਗਵਾਇਆ ਅਤੇ ਇਸ ਦੇ ਲਈ ਬਿੱਲ ਵ੍ਹਾਈਟ ਹਾਊਸ ਨੂੰ ਪੇਸ਼ ਨਹੀਂ ਕੀਤਾ ਗਿਆ।

ਡੋਨਾਲਡ ਟਰੰਪ ਨੇ ਰਾਸ਼ਟਰਪਤੀ ਚੋਣ ਦੀ ਮੁਹਿੰਮ ਵੇਲੇ ਵਾਅਦਾ ਕੀਤਾ ਸੀ ਕਿ ਚੁਣੇ ਗਏ ਤਾਂ ਉਹ ਗੁਆਂਢੀ ਦੇਸ਼ ਮੈਕਸੀਕੋ ਤੋਂ ਅਮਰੀਕਾ ਵਿੱਚ ਗੈਰ-ਕਾਨੂੰਨੀ ਆਉਂਦੇ ਲੋਕਾਂ ਨੂੰ ਰੋਕਣ ਲਈ ਸਰਹੱਦ ਉੱਤੇ ਕੰਧ ਬਣਵਾਉਣਗੇ। ਚੁਣੇ ਜਾਣ ਦੇ ਬਾਅਦ ਟਰੰਪ ਨੇ ਇਸ ਪਾਸੇ ਕਦਮ ਵਧਾਇਆ ਤੇ ਪ੍ਰਾਜੈਕਟ ਲਈ ਪਾਰਲੀਮੈਂਟ ਤੋਂ ਹੋਰ ਬਜਟ ਦੀ ਮੰਗ ਕੀਤੀ, ਜਿਸ ਨੂੰ ਡੈਮੋਕਰੇਟਿਕ ਪਾਰਟੀ ਦੀ ਬਹੁ-ਗਿਣਤੀ ਹੋਣ ਕਾਰਨ ਮੈਂਬਰਾਂ ਨੇ ਪਾਸ ਨਹੀਂ ਕੀਤਾ। ਇਸ ਪਿੱਛੋਂ ਅਮਰੀਕਾ ਵਿੱਚ ਸ਼ੱਟ-ਡਾਊਨ ਹੋ ਗਿਆ। ਹਜ਼ਾਰਾਂ ਹੀ ਸਰਕਾਰੀ ਮੁਲਾਜ਼ਮਾਂ ਨੂੰ ਘਰ ਦੇ ਖਰਚ ਦੀ ਸਮੱਸਿਆ ਬਣ ਗਈ, ਕਿਉਂਕਿ ਇਨ੍ਹਾਂ ਨੂੰ 22 ਦਿਨਾਂ ਦੌਰਾਨ ਤਨਖਾਹ ਨਹੀਂ ਮਿਲੀ। ਬੀਤੇ ਹਫਤੇ ਅਮਰੀਕਾ ਵਿੱਚ ਕੁਲ 8 ਲੱਖ ਸਰਕਾਰੀ ਮੁਲਾਜ਼ਮਾਂ ਨੂੰ ਤਨਖਾਹ ਨਾ ਮਿਲਣ ਕਾਰਨ ਲੱਖਾਂ ਕਰਮਚਾਰੀ ਛੁੱਟੀ ਉੱਤੇ ਘਰ ਬੈਠ ਗਏ ਤੇ ਕਈ ਹੋਰ ਬਿਨ ਤਨਖਾਹ ਤੋਂ ਕੰਮ ਲਈ ਮਜ਼ਬੂਰ ਹਨ।

# ਕਰਤਾਰਪੁਰ ਲਾਂਘੇ ਬਾਰੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੇਂਦਰ ਨੂੰ ਵਿਸ਼ੇਸ਼ ਚਿੱਠੀ



### * ਜ਼ਮੀਨ ਅਕੁਆਇਰ ਕਰਨ ਤੇ ਪਾਸਪੋਰਟ ਦੀ ਸ਼ਰਤ ਹਟਾਉਣ ਨੂੰ ਕਿਹਾ

ਚੰਡੀਗੜ੍ਹ, 15 ਜਨਵਰੀ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਵਿਚਲੇ ਕਰਤਾਰਪੁਰ ਸਾਹਿਬ ਦੇ ਗੁਰੂ ਘਰ ਵਿਚ ਸਮਾਗਮ ਲਈ ਖੁਲ੍ਹੇ ਦਰਸ਼ਨ ਯਕੀਨੀ ਕਰਨ ਲਈ ਸ੍ਰੀ ਕਰਤਾਰਪੁਰ ਲਾਂਘਾ ਪਾਰ ਕਰਨ ਵਾਲੇ ਸ਼ਰਧਾਲੂਆਂ ਲਈ ਪਾਸਪੋਰਟ ਦੀ ਸ਼ਰਤ ਖਤਮ ਕਰਨ ਦੀ ਮੰਗ ਕੇਂਦਰ ਸਰਕਾਰ ਅੱਗੇ ਰੱਖੀ ਹੈ। ਉਨ੍ਹਾਂ ਨੇ ਇਸ ਲਾਂਘੇ ਦੇ ਦੁਆਲੇ ਬਣਾਏ ਜਾਣ ਵਾਲੇ ਮੁਢਲੇ ਢਾਂਚੇ ਤੇ ਉਥੇ ਪਹੁੰਚਦੀ ਸੜਕ ਦੀ ਉਸਾਰੀ ਜਲਦੀ ਕਰਨ ਦੀ ਮੰਗ ਵੀ ਮੋਦੀ ਸਰਕਾਰ ਤੋਂ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਇਤਿਹਾਸਕ ਲਾਂਘੇ ਨੂੰ ਅਮਲ ਵਿਚ ਚਾਲੂ ਕਰਨ ਲਈ ਬਿਨਾਂ ਦੇਰ ਦੇ ਜ਼ਮੀਨ ਇਕਵਾਇਰ ਕਰਨ ਦਾ ਕੰਮ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਚਿੱਠੀ ਭੇਜ ਕੇ ਕਿਹਾ ਹੈ ਕਿ ਓਥੇ ਜਾਂਦੇ ਸ਼ਰਧਾਲੂਆਂ ਲਈ ਪਾਸਪੋਰਟ ਦੀ ਸ਼ਰਤ ਖਤਮ ਕੀਤੀ ਜਾਵੇ ਤਾਂ ਜੋ ਉਹ ਪਾਕਿਸਤਾਨ ਵਿੱਚ ਇਤਿਹਾਸਕ ਗੁਰਦੁਆਰੇ ਵਿਚ ਅਸਾਨੀ ਨਾਲ ਮੱਥਾ ਟੇਕ ਸਕਣ।

ਮੁੱਖ ਮੰਤਰੀ ਦਫਤਰ ਦੇ ਅਧਿਕਾਰੀਆਂ ਮੁਤਾਬਕ ਕੈਪਟਨ ਅਮਰਿੰਦਰ ਸਿੰਘ ਨੇ ਸੁਝਾਅ ਦਿੱਤਾ ਹੈ ਕਿ ਸ਼ਰਧਾਲੂਆਂ ਦੀ ਪਛਾਣ ਲਈ ਪਾਸਪੋਰਟ ਦੀ ਥਾਂ ਆਧਾਰ ਕਾਰਡ ਵਰਗੇ ਸਰਕਾਰੀ ਦਸਤਾਵੇਜ਼ ਦੀ ਵਰਤੋਂ ਹੋ ਸਕਦੀ ਹੈ ਤਾਂ ਜੋ ਵੱਧ ਤੋਂ ਵੱਧ ਸ਼ਰਧਾਲੂ ਇਸ ਅਸਥਾਨ ਤੱਕ ਜਾ ਸਕਣ। ਉਨ੍ਹਾਂ ਕਿਹਾ ਕਿ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਨੂੰ ਸਰਹੱਦ ਪਾਰ ਜਾਣ ਲਈ ਦੇਣ ਵਾਲੀਆਂ ਸਹੂਲਤਾਂ ਲਈ ਮੁੱਢਲਾ ਢਾਂਚਾ ਜਲਦੀ ਵਿਕਸਿਤ ਕੀਤਾ ਜਾਣਾ ਚਾਹੀਦਾ ਹੈ।

# ਸੁਪਰੀਮ ਕੋਰਟ ਨੇ ਭਾਜਪਾ ਨੂੰ ਬੰਗਾਲ ਵਿੱਚ ਰੱਥ ਯਾਤਰਾ ਦੀ ਝੰਡੀ ਨਹੀਂ ਦਿੱਤੀ



ਨਵੀਂ ਦਿੱਲੀ, 15 ਜਨਵਰੀ, (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ ਭਾਜਪਾ ਦੀ ਰਥ ਯਾਤਰਾ ਕੱਢਣ ਦੀ ਯੋਜਨਾ ਨੂੰ ਸੁਪਰੀਮ ਕੋਰਟ ਤੋਂ ਝਟਕਾ ਲੱਗਾ ਹੈ। ਕੋਰਟ ਨੇ ਭਾਜਪਾ ਦੀ ਰਥ ਯਾਤਰਾ ਨੂੰ ਮਨਜ਼ੂਰੀ ਦੇਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ ਕਿ ਭਾਜਪਾ ਦੀ ਸਟੇਟ ਯੂਨਿਟ ਸਿਆਸੀ ਬੈਠਕਾਂ ਅਤੇ ਰੈਲੀਆਂ ਕਰ ਸਕਦੀ ਹੈ। ਫਿਰ ਵੀ ਕੋਰਟ ਨੇ ਕਿਹਾ ਕਿ ਜੇ ਭਾਜਪਾ ਰੱਥ ਯਾਤਰਾ ਲਈ ਨਵੇਂ ਸਿਰੇ ਤੋਂ ਯੋਜਨਾ ਬਣਾਵੇ ਤਾਂ ਉਸ ਉੱਤੇ ਬਾਅਦ 'ਚ ਵਿਚਾਰ ਕੀਤਾ ਜਾ ਸਕਦਾ ਹੈ।

ਅੱਜ ਮੰਗਲਵਾਰ ਨੂੰ ਸੁਪਰੀਮ ਕੋਰਟ ਨੇ ਕਿਹਾ ਕਿ ਇਸ ਗੱਲ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਕਿ ਰੱਥ ਯਾਤਰਾ ਦੇ ਨਾਲ ਸਦਭਾਵਨਾ ਵਿਗੜੇਗੀ। ਕੋਰਟ ਨੇ ਭਾਜਪਾ ਨੂੰ ਰੱਥ ਯਾਤਰਾ ਬਾਰੇ ਨਵਾਂ ਪ੍ਰੋਗਰਾਮ ਰਾਜ ਸਰਕਾਰ ਨੂੰ ਦੇਣ ਵਾਸਤੇ ਵੀ ਕਿਹਾ ਹੈ। ਕੋਰਟ ਨੇ ਕਿਹਾ ਕਿ ਰਾਜ ਸਰਕਾਰ ਭਾਜਪਾ ਦੇ ਨਵੇਂ ਯਾਤਰਾ ਪ੍ਰੋਗਰਾਮ ਬਾਰੇ ਸੰਵਿਧਾਨਕ ਪ੍ਰਬੰਧਾਂ ਨੂੰ ਧਿਆਨ 'ਚ ਰੱਖ ਕੇ ਫੈਸਲਾ ਲਵੇ ਤਾਂ ਕਿ ਇਨ੍ਹਾਂ ਦਾ ਮੁੱਢਲਾ ਅਧਿਕਾਰ ਵੀ ਪ੍ਰਭਾਵਿਤ ਨਾ ਹੋਵੇ।

ਵਰਨਣ ਯੋਗ ਹੈ ਕਿ ਪੱਛਮੀ ਬੰਗਾਲ ਦੀ ਮਮਤਾ ਬੈਨਰਜੀ ਸਰਕਾਰ ਨੇ ਭਾਜਪਾ ਦੀ ਰੱਥ ਯਾਤਰਾ ਨੂੰ ਇਹ ਕਹਿ ਕੇ ਮਨਜ਼ੂਰੀ ਦੇਣ ਤੋਂ ਨਾਂਹ ਕੀਤੀ ਸੀ ਕਿ ਉਸ ਦੇ ਨਾਲ ਸਦਭਾਵਨਾ ਵਿਗੜੇਗੀ। ਭਾਜਪਾ ਨੇ ਇਸ ਫੈਸਲੇ ਨੂੰ ਕਲਕੱਤਾ ਹਾਈ ਕੋਰਟ 'ਚ ਚੁਣੌਤੀ ਦਿੱਤੀ ਤਾਂ ਹਾਈ ਕੋਰਟ ਦੇ ਸਿੰਗਲ ਬੈਂਚ ਨੇ ਮਨਜ਼ੂਰੀ ਦੇ ਦਿੱਤੀ, ਪਰ ਡਿਵੀਜ਼ਨ ਬੈਂਚ ਨੇ ਮਨਜ਼ੂਰੀ ਨਹੀਂ ਸੀ ਦਿੱਤੀ। ਹਾਈ ਕੋਰਟ ਦੇ ਇਸ ਫੈਸਲੇ ਦੇ ਖਿਲਾਫ ਭਾਜਪਾ ਨੇ ਸੁਪਰੀਮ ਕੋਰਟ 'ਚ ਅਪੀਲ ਕੀਤੀ ਸੀ।

# ਸੰਸਾਰ ਦੀ ਨੰਬਰ ਇਕ ਮੁੱਕੇਬਾਜ਼ ਬਣੀ ਭਾਰਤ ਦੀ ਮੈਰੀਕਾਮ


ਨਵੀਂ ਦਿੱਲੀ, 15 ਜਨਵਰੀ (ਪੋਸਟ ਬਿਊਰੋ)- ਭਾਰਤੀ ਮਹਿਲਾ ਮੁੱਕੇਬਾਜ਼ ਐਮ ਸੀ ਮੈਰੀਕਾਮ ਪਿਛਲੇ ਵਰ੍ਹੇ ਛੇਵੇਂ ਵਿਸ਼ਵ ਚੈਂਪੀਅਨਸ਼ਿਪ ਖਿਤਾਬ ਦੇ ਜਿੱਤਣ ਮਗਰੋਂ ਕੌਮਾਂਤਰੀ ਮੁੱਕੇਬਾਜ਼ੀ ਐਸੋਸੀਏਸ਼ਨ (ਏ ਆਈ ਬੀ ਏ) ਦੀ ਵਿਸ਼ਵ ਰੈਂਕਿੰਗ ਵਿੱਚ ਨੰਬਰ ਇਕ ਥਾਂ 'ਤੇ ਪੁੱਜ ਗਈ ਹੈ।

ਮਣੀਪੁਰ ਦੀ ਇਸ ਮੁੱਕੇਬਾਜ਼ ਨੇ ਪਿਛਲੇ ਵਰ੍ਹੇ ਨਵੰਬਰ 'ਚ ਦਿੱਲੀ 'ਚ ਹੋਈ ਵਿਸ਼ਵ ਚੈਂਪੀਅਨਸ਼ਿਪ 'ਚ ਇਤਿਹਾਸ ਰਚਦੇ ਹੋਏ 48 ਕਿੱਲੋ ਦਾ ਖਿਤਾਬ ਆਪਣੀ ਝੋਲੀ ਪਾਇਆ ਸੀ, ਜਿਸ ਨਾਲ ਉਹ ਟੂਰਨਾਮੈਂਟ ਦੀ ਸਭ ਤੋਂ ਸਫਲ ਮੁੱਕੇਬਾਜ਼ ਬਣ ਗਈ ਸੀ। ਏ ਆਈ ਬੀ ਏ ਦੀ ਰੈਂਕਿੰਗ 'ਚ ਮੈਰੀਕਾਮ 48 ਕਿੱਲੋ 'ਚ 1700 ਅੰਕ ਲੈ ਕੇ ਟਾਪ 'ਤੇ ਕਾਬਜ਼ ਹੈ। ਉਸ ਨੂੰ 2020 ਓਲੰਪਿਕ ਦਾ ਸੁਪਨਾ ਪੂਰਾ ਕਰਨ ਲਈ 51 ਕਿੱਲੋ 'ਚ ਖੇਡਣਾ ਹੋਵੇਗਾ, ਕਿਉਂਕਿ 48 ਕਿੱਲੋ ਨੂੰ ਅਜੇ ਤੱਕ ਖੇਡਾਂ ਦੇ ਵਜ਼ਨ ਵਰਗ 'ਚ ਸ਼ਾਮਲ ਨਹੀਂ ਕੀਤਾ ਗਿਆ। ਇਸ ਮੁੱਕੇਬਾਜ਼ ਨੇ 2018 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ। ਉਨ੍ਹਾਂ ਨੇ ਵਿਸ਼ਵ ਚੈਂਪੀਅਨਸ਼ਿਪ ਤੋਂ ਇਲਾਵਾ ਕਾਮਨਵੈਲਥ ਖੇਡਾਂ ਤੇ ਪੋਲੈਂਡ 'ਚ ਇਕ ਟੂਰਨਾਮੈਂਟ 'ਚ ਪਹਿਲਾ ਥਾਂ ਹਾਸਲ ਕੀਤਾ ਸੀ। ਉਨ੍ਹਾਂ ਬੁਲਗਾਰੀਆ 'ਚ ਪ੍ਰਸਿੱਧ ਸਟਰੈਂਡਜਾ ਮੈਮੋਰੀਅਲ 'ਚ ਸਿਲਵਰ ਮੈਡਲ ਜਿੱਤਿਆ ਸੀ।

ਹੋਰਨਾਂ ਭਾਰਤੀਆਂ 'ਚ ਪਿੰਕੀ ਜਾਂਗੜਾ 51 ਕਿੱਲੋ ਸੂਚੀ 'ਚ ਅੱਠਵੇਂ ਥਾਂ 'ਤੇ ਹਨ। ਏਸ਼ੀਆਈ ਸਿਲਵਰ ਮੈਡਲ ਧਾਰਕ ਮਨੀਸ਼ਾ ਮਾਉਨ ਵੀ 54 ਕਿੱਲੋ ਵਰਗ 'ਚ ਇਸੇ ਥਾਂ ਹਨ। ਸੋਨੀਆ ਲਾਠਰ 57 ਕਿੱਲੋ ਵਿੱਚ ਦੂਜੇ ਥਾਂ, ਜਦ ਕਿ ਸਿਮਰਨਜੀਤ ਕੌਰ (64 ਕਿੱਲੋ) ਹਾਲ 'ਚ ਰਾਸ਼ਟਰੀ ਚੈਂਪੀਅਨ ਬਣੀ ਤੇ ਆਪਣੇ ਵਰਗ 'ਚ ਚੌਥੇ ਥਾਂ 'ਤੇ ਹੈ।

# ਕਰਨਾਟਕ ਵਿੱਚ ਫਿਰ ਸੰਕਟ: ਦੋ ਵਿਧਾਇਕਾਂ ਨੇ ਕੁਮਾਰਸਵਾਮੀ ਸਰਕਾਰ ਦਾ ਸਾਥ ਛੱਡਿਆ

### * ਭਾਜਪਾ ਵੱਲੋਂ ਬਦਲਵੀਂ ਸਰਕਾਰ ਬਣਾਉਣ ਦੇ ਯਤਨ



ਨਵੀਂ ਦਿੱਲੀ, 15 ਜਨਵਰੀ, (ਪੋਸਟ ਬਿਊਰੋ)- ਵਿਧਾਨ ਸਭਾ ਚੋਣਾਂ ਦੇ ਕਰੀਬ ਸੱਤ ਮਹੀਨੇ ਬਾਅਦ ਤੇ ਪਾਰਲੀਮੈਂਟ ਚੋਣਾਂ ਦੇ ਨੇੜੇ ਕਰਨਾਟਕ ਵਿੱਚ ਫਿਰ ਸੱਤਾ ਦਾ ਨਾਟਕ ਸ਼ੁਰੂ ਹੋ ਗਿਆ ਹੈ। ਅੱਜ ਦੋ ਆਜ਼ਾਦ ਵਿਧਾਇਕਾਂ ਐੱਚ ਨਾਗੇਸ਼ ਅਤੇ ਆਰ ਸ਼ੰਕਰ ਨੇ ਕਾਂਗਰਸ ਅਤੇ ਜਨਤਾ ਦਲ (ਐੱਸ) ਦੀ ਸਰਕਾਰ ਦਾ ਸਾਥ ਛੱਡ ਦਿੱਤਾ ਹੈ। ਸਰਕਾਰ ਡਿੱਗਣ ਦੇ ਹਾਲੇ ਆਸਾਰ ਨਹੀਂ, ਪਰ ਭਾਜਪਾ ਆਪਣੀ ਸਰਕਾਰ ਬਣਾਉਣ ਦੇ ਯਤਨ ਵਿੱਚ ਹੈ। ਇਸ ਰਾਜ ਦੀ 224 ਵਿਧਾਇਕਾਂ ਵਾਲੀ ਅਸੈਂਬਲੀ ਵਿੱਚ ਬਹੁਮਤ ਦਾ ਅੰਕੜਾ 113 ਹੈ ਅਤੇ ਸਰਕਾਰ ਨੂੰ ਹਾਲੇ ਵੀ 117 ਵਿਧਾਇਕਾਂ ਦੀ ਹਮਾਇਤ ਹੈ।

ਇਸ ਰਾਜ ਵਿੱਚ ਸਰਕਾਰ ਚਲਾ ਰਹੇ ਕਾਂਗਰਸ-ਜੇ ਡੀ (ਐੱਸ) ਗੱਠਜੋੜ ਨੇ ਭਾਜਪਾ ਉੱਤੇ ਆਪਰੇਸ਼ਨ ਲੋਟਸ ਦੇ ਤਹਿਤ ਵਿਧਾਇਕਾਂ ਦੀ ਖਰੀਦੋ-ਫਰੋਖਤ ਦਾ ਦੋਸ਼ ਲਾਇਆ ਹੈ। ਭਾਜਪਾ ਨੇ ਦੋਸ਼ ਰੱਦ ਕਰਦੇ ਹੋਏ ਕਿਹਾ ਕਿ ਉਹ ਨਹੀਂ, ਕਾਂਗਰਸ-ਜੇ ਡੀ ਐੱਸ ਗੱਠਜੋੜ ਦੇ ਆਗੂ ਹੀ ਭਾਜਪਾ ਵਿਧਾਇਕਾਂ ਨੂੰ ਲੁਭਾਉਣ ਦੇ ਯਤਨ ਵਿੱਚ ਹਨ, ਇਸ ਲਈ ਪਾਰਟੀ ਦੇ ਸਾਰੇ ਵਿਧਾਇਕਾਂ ਨੂੰ ਕਰਨਾਟਕਾ ਤੋਂ ਚੁੱਕ ਕੇ ਭਾਜਪਾ ਸਰਕਾਰ ਵਾਲੇ ਗੁਰੂਗ੍ਰਾਮ ਵਿੱਚ ਭੇਜਿਆ ਹੈ। ਜਾਣਕਾਰ ਸੂਤਰਾਂ ਮੁਤਾ-ਬਕ ਕਾਂਗਰਸ ਦੇ 10 ਅਤੇ ਜੇ ਡੀ ਐੱਸ ਦੇ ਤਿੰਨ ਵਿਧਾਇਕ ਭਾਜਪਾ ਦੇ ਸੰਪਰਕ ਵਿੱਚ ਹਨ। ਭਾਜਪਾ ਦੀ ਕੋਸ਼ਿਸ ਹੈ ਕਿ 13 ਵਿਧਾਇਕ ਅਸਤੀਫਾ ਦੇ ਦੇਣ ਅਤੇ ਉਹ ਅਗਲੇ ਹਫਤੇ ਸੂਬਾ ਸਰਕਾਰ ਦੇ ਖਿਲਾਫ਼ ਬੇਭਰੋਸਗੀ ਮਤਾ ਪੇਸ਼ ਕਰ ਸਕਦੀ ਹੈ। ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਸਭ ਤੋਂ ਵੱਧ ਸੀਟਾਂ ਮਿਲੀਆਂ ਸਨ ਅਤੇ ਇਸ ਪਾਰਟੀ ਦੇ ਨੇਤਾ ਬੀ ਐੱਸ ਯੇਦਯੁਰੱਪਾ ਨੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਸੀ, ਪਰ ਬਾਅਦ ਵਿੱਚ ਕਾਂਗਰਸ ਅਤੇ ਜੇ ਡੀ ਐੱਸ ਗੱਠਜੋੜ ਨੇ ਐੱਚ ਡੀ ਕੁਮਾਰਸਵਾਮੀ ਦੀ ਅਗਵਾਈ ਵਿੱਚ ਸਰਕਾਰ ਬਣਾ ਲਈ ਸੀ।


ਇੱਕ ਆਜ਼ਾਦ ਵਿਧਾਇਕ ਆਰ ਸ਼ੰਕਰ ਦਾ ਕਹਿਣਾ ਹੈ ਕਿ ਅੱਜ ਮਕਰ ਸੰਕ੍ਰਾਂਤੀ ਵਾਲੇ ਦਿਨ ਅਸੀਂ ਸਰਕਾਰ ਵਿੱਚ ਬਦਲਾਅ ਦਾ ਇਰਾਦਾ ਬਣਾਇਆ ਤੇ ਮੈਂ ਸਰਕਾਰ ਤੋਂ ਹਮਾਇਤ ਵਾਪਸ ਲਈ ਹਾਂ। ਦੂਜੇ ਆਜ਼ਾਦ ਵਿਧਾਇਕ ਐੱਚ ਨਾਗੇਸ਼ ਨੇ ਕਿਹਾ ਕਿ ਗੱਠਜੋੜ ਸਰਕਾਰ ਨੂੰ ਮੇਰੀ ਹਮਾਇਤ ਇੱਕ ਚੰਗੀ ਅਤੇ ਟਿਕਾਊ ਸਰਕਾਰ ਲਈ ਸੀ, ਜੋ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਗੱਠਜੋੜ ਦੇ ਸਹਿਯੋਗੀਆਂ ਦਾ ਤਾਲਮੇਲ ਨਹੀਂ ਹੈ। ਇਸੇ ਕਰ ਕੇ ਮੈਂ ਮਜ਼ਬੂਤ ਸਰਕਾਰ ਲਈ ਭਾਜਪਾ ਨਾਲ ਜਾਣ ਦੇ ਵਾਸਤੇ ਫੈਸਲਾ ਕਰ ਲਿਆ ਹੈ। ਇਸ ਦੌਰਾਨ ਮਹਾਰਾਸ਼ਟਰ ਸਰਕਾਰ ਦੇ ਮੰਤਰੀ ਰਾਮ ਸ਼ਿੰਦੇ ਨੇ ਬਿਆਨ ਦਿੱਤਾ ਹੈ ਕਿ ਅਗਲੇ ਦੋ-ਤਿੰਨ ਦਿਨਾਂ ਵਿੱਚ ਕਰਨਾਟਕ ਵਿੱਚ ਭਾਜਪਾ ਸਰਕਾਰ ਬਣੇਗੀ। ਸ਼ਿੰਦੇ ਨੇ ਕਿਹਾ ਕਿ ਮੁੱਖ ਮੰਤਰੀ ਕੁਮਾਰਸਵਾਮੀ ਕੋਲ ਬਹੁਮਤ ਨਹੀਂ ਰਹਿ ਗਿਆ। ਉਨ੍ਹਾਂ ਕਿਹਾ ਕਿ ਪਹਿਲਾਂ ਕਰਨਾਟਕ ਵਿੱਚ ਭਾਜਪਾ ਨਾਲ ਨਿਆਂ ਨਹੀਂ ਸੀ ਹੋਇਆ, ਉਸ ਦਾ ਬਹੁਮਤ ਹੁੰਦੇ ਹੋਏ ਜੇ ਡੀ ਐੱਸ-ਕਾਂਗਰਸ ਨੇ ਆਪੋ ਵਿੱਚ ਮਿਲ ਕੇ ਸਰਕਾਰ ਬਣਾ ਲਈ ਸੀ।

ਤਾਜ਼ਾ ਘਟਨਾਕ੍ਰਮ ਵਿੱਚ ਕਾਂਗਰਸ-ਜੇ ਡੀ ਐੱਸ ਦੇ 13 ਵਿਧਾਇਕ ਰਾਜਧਾਨੀ ਬੈਂਗਲੁਰੂ ਵਿੱਚੋਂ ਗਾਇਬ ਦੱਸੇ ਗਏ ਹਨ। ਮੁੱਖ ਮੰਤਰੀ ਕੁਮਾਰਸਵਾਮੀ ਨੇ ਦੋਸ਼ ਲਾਇਆ ਕਿ ਭਾਜਪਾ ਇਸ ਗੱਠਜੋੜ ਦੇ ਵਿਧਾਇਕਾਂ ਨੂੰ ਖਿੱਚਣ ਲੱਗੀ ਹੋਈ ਹੈ, ਪਰ ਗੱਠਜੋੜ ਦਾ ਕੋਈ ਵਿਧਾਇਕ ਪਾਸਾ ਨਹੀਂ ਬਦਲੇਗਾ। ਪਿਛਲੇ ਐਤਵਾਰ ਇਸ ਰਾਜ ਦੇ ਪਾਣੀ ਵਸੀਲਿਆਂ ਦੇ ਮੰਤਰੀ ਡੀ ਕੇ ਸ਼ਿਵਕੁਮਾਰ ਨੇ ਮੰਨਿਆ ਸੀ ਕਿ ਤਿੰਨ ਕਾਂਗਰਸੀ ਵਿਧਾਇਕ ਮੁੰਬਈ ਦੇ ਇਕ ਹੋਟਲ ਵਿੱਚ ਹਨ। ਇਸ ਬਾਰੇ ਜਦੋਂ ਡਿਪਟੀ ਮੁੱਖ ਮੰਤਰੀ ਜੀ. ਪਰਮੇਸ਼ਵਰ ਨੂੰ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਉਹ ਓਥੇ ਕਿਉਂ ਗਏ, ਕੋਈ ਨਹੀਂ ਜਾਣਦਾ, ਛੁੱਟੀ ਮਨਾਉਣ ਗਏ ਜਾਂ ਮੰਦਰ ਦਰਸ਼ਨ ਲਈ ਗਏ ਹੋਣਗੇ ਜਾਂ ਫਿਰ ਕੁਝ ਹੋਰ ਨੇਤਾਵਾਂ ਨੂੰ ਮਿਲਣ ਗਏ ਹੋਣਗੇ।









# ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮੀਟਿੰਗ



ਕੈਲਗਰੀ (ਜਸਵੰਤ ਸਿੰਘ ਸੇਖੋਂ): ਅਰਪਨ ਲਿਖਾਰੀ ਸਭਾ ਦੀ ਨਵੇਂ ਸਾਲ ਦੀ ਪਲੇਠੀ ਮੀਟਿੰਗ ਸਤਪਾਲ ਕੌਰ ਬੱਲ, ਗੁਰਦੇਵ ਸਿੰਘ ਬੱਲ ਅਤੇ ਸਰਬਜੀਤ ਕੌਰ ਉੱਪਲ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿੱਚ ਜਨਵਰੀ 12, 2019 ਨੂੰ ਸਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਦੇ ਇਕੱਠ ਵਿੱਚ ਹੋਈ। ਜਨਰਲ ਸਕੱਤਰ ਜਸਵੰਤ ਸਿੰਘ ਸੇਖੋਂ ਨੇ ਆਏ ਹੋਏ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਕਹਿੰਦਿਆਂ ਨਵੇਂ ਸਾਲ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੂਰਬ ਦੀ ਮੁਬਾਰਕ ਦਿੱਤੀ। ਸੇਖੋਂ ਨੇ ਜਨਵਰੀ ਮਹੀਨੇ ਦੀ ਸਮਾਜਿਕ ਅਤੇ ਇਤਿਹਾਸਕ ਦੀ ਮਹਤੱਤਾ ਆਏ ਹੋਏ ਸਾਹਿਤ ਪ੍ਰੇਮੀਆਂ ਨਾਲ ਸਾਂਝੀ ਕੀਤੀ। ਨਾਲ ਹੀ ਅੱਜ ਦੇ ਪ੍ਰੋਗਰਾਮ ਬਾਰੇ ਜਾਣਕਾਰੀ ਦਿੱਤੀ ਕਿ ਅੱਜ ਦੀ ਮੀਟਿੰਗ ਗੁਰੂ ਗੋਬਿੰਦ ਸਿੰਘ ਦੇ ਗੁਰ-ਪੁਰਬ ਅਤੇ ਮਾਘੀ ਦੇ ਤਿਉਹਾਰ ਨੂੰ ਸਮਰਪਿਤ ਹੋਵੇਗੀ।

ਪ੍ਰੋਗਰਾਮ ਦੀ ਸ਼ੁਰੂਆਤ ਸਤਪਾਲ ਕੌਰ ਬੱਲ ਨੇ ਨਵੇਂ ਸਾਲ ਦੀਆਂ ਵਧਾਈਆਂ ਅਤੇ ਸ਼ੁਭ ਇੱਛਾਵਾਂ ਨਾਲ਼ ਕੀਤੀ। ਉਨ੍ਹਾਂ ਆਖਿਆ ਕਿ ਨਿਰੰਤਰ ਆਪਣੀ ਚਾਲੇ ਤੁਰੇ ਜਾ ਰਹੇ ਸਮੇਂ ਨੂੰ ਇਕਾਈਆਂ ਵਿੱਚ ਵੰਡ ਕੇ ਅਸੀਂ ਆਪਸੀ ਸ਼ੁਭ ਇੱਛਾਵਾ ਦਾ ਅਦਾਨ ਪ੍ਰਦਾਨ ਕਰਦੇ ਹੋਏ ਅੱਗੇ ਵਧਦੇ ਹਾਂ। ਬੀਤੇ ਕੱਲ੍ਹ ਤੋਂ ਕੁਝ ਸਿੱਖ ਕੇ ਨਵੇਂ ਕੱਲ੍ਹ ਲਈ ਆਸਵੰਦ ਹੋ ਤੁਰ ਪੈਂਦੇ ਹਾਂ ਅਤੇ ਜੀਵਨ- ਧਾਰਾ ਨੂੰ ਵਹਿੰਦਾ ਰੱਖਦੇ ਹਾਂ। ਇਸ ਦੇ ਨਾਲ ਹੀ ਸ੍ਰੀ ਮਤੀ ਬੱਲ ਨੇ ਮਨੁੱਖ ਦੀ ਮਾਨਸਿਕਤਾ ਨੂੰ ਟੁੰਬਦਾ, ਜੀਵਨ ਦੀ ਸ਼ਾਮ (ਬੁਢਾਪੇ) 'ਜ਼ਿੰਦਗੀ ਗੁਲਜ਼ਾਰ ਹੈ' ਬਾਰੇ ਪ੍ਰਭਾਵਸ਼ਾਲੀ ਇੱਕ ਲੇਖ ਵੀ ਪੜ੍ਹਿਆ। ਜਿਸ ਨੂੰ ਸਰੋਤਿਆਂ ਵੱਲੋਂ ਬਹੁਤ ਸਲਾਹਿਆ ਗਿਆ। ਕੈਲਗਰੀ ਦੇ ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨੇ ਆਪਣੀ ਇੱਕ ਗ਼ਜ਼ਲ 'ਦੋਸਤਾਂ ਕਿਹੜਾ ਸਿਤਮ ਕਰਿਆ ਨਹੀਂ। ਫੇਰ ਵੀ ਉਹਨਾਂ ਬਿਨ੍ਹਾਂ ਸਰਿਆ ਨਹੀਂ। ਇੱਕ ਆਨੋਖੇ ਅੰਦਾਜ਼ ਵਿੱਚ ਸੁਣਾ ਕੇ ਸਰੋਤਿਆਂ ਨੂੰ ਝੂਮਣ ਲਾ ਦਿੱਤਾ। ਸਤਨਾਮ ਸਿੰਘ ਢਾਅ ਨੇ ਇਤਿਹਾਸਕ ਦਿਹਾੜੇ 'ਮਾਘੀ' ਬਾਰੇ ਗੱਲ ਕਰਦਿਆਂ ਚਾ਼ਲੀ ਮੁਕਤਿਆਂ ਦੀ ਸ਼ਹੀਦੀ ਦੀ ਗਾਥਾ ਨੂੰ ਚਰਨ ਸਿੰਘ ਸਫ਼ਓਮਪ;ਰੀ ਦੀ ਲਿਖੀ ਕਵਿਤਾ, ਚਰਨ ਸਿੰਘ ਸਫ਼ਓਮਪ;ਰੀ ਦੇ ਅੰਦਾਜ਼ ਵਿੱਚ ਹੀ ਸੁਣਾਈ ਤਾਂ ਸਰੋਤਿਆਂ ਵੱਲੋਂ ਭਰਵੀ ਦਾਦ ਦਿੱਤੀ ਗਈ। ਇੰਜੀ: ਗੁਰਦਿਆਲ ਸਿੰਘ ਖ਼ਹਿਰਾ ਨੇ ਚੁੱਲ੍ਹਿਆਂ ਦੀ ਮਰਦਮ ਸ਼ੁਮਾਰੀ ਨਾਂ ਦੀ ਕਵਿਤਾ ਸੁਣਾਈ ਕਵਿਤਾ ਭਾਵੇਂ ਹਾਸਰਸ ਵਾ਼ਲੀ ਸੀ ਪਰ ਸੁਨੇਹਾ ਸੰਵੇਦਨਾਸ਼ੀਲ ਸੀ ਕਿ ਕਿਵੇਂ ਅੱਜ ਦੇ ਸਮੇਂ ਸਾਂਝੇ ਪਰਿਵਾਰ ਅਤੇ ਪੁਰਾਣੀਆਂ ਸਾਂਝਾਂ ਟੁੱਟ ਰਹੀਆਂ ਹਨ। ਸਾਨੂੰ ਸਾਰਿਆਂ ਨੂੰ ਸੋਚਣ ਦੀ ਲੋੜ ਹੈ। ਬੁਲੰਦ ਅਵਾਜ਼ ਵਿੱਚ ਅਮਰੀਕ ਸਿੰਘ ਚੀਮਾਂ ਨੇ ਉਜਾਗਰ ਸਿੰਘ ਕਮਲ ਦਾ ਗੀਤ ਸੁਣਾ ਕੇ ਕਵੀ ਦੀ ਰੂਹ ਦੇ ਦਰਸ਼ਣ ਕਰਾ ਦਿੱਤੇ।

ਕੈਲਗਰੀ ਦੇ ਦੋ ਕਵੀਸ਼ਰ ਬੱਚਿਆਂ (ਜੁਝਾਰ ਸਿੰਘ, ਗੁਰਜੀਤ ਸਿੰਘ) ਨੇ ਸ਼ਹੀਦ ਮੇਵਾ ਸਿੰਘ ਲੋਪੋਕੇ ਬਾਰੇ ਜਸਵੰਤ ਸਿੰਘ ਸੇਖੋਂ ਦੀ ਲਿਖੀ ਕਵਿਤਾ, ਕਵੀਸ਼ਰੀ ਰੰਗ ਵਿੱਚ ਗਾਇਨ ਕਰਕੇ ਸਰੋਤਿਆਂ ਦਾ ਮਨ ਮੋਹ ਲਿਆ। ਕੈਨੇਡਾ ਦੇ ਜੰਮਪ਼ਲ ਬੱਚਿਆਂ ਦਾ ਪੰਜਾਬੀ ਸ਼ਬਦਾਂ ਦਾ ਏਨਾ ਵਧੀਆ ਉਚਾਰਨ ਸਰੋਤਿਆਂ ਨੂੰ ਹੈਰਾਨ ਕਰ ਗਿਆ। ਸੁਰਿੰਦਰ ਸਿੰਘ ਢਿੱਲੋਂ ਨੇ ਜਨਾਬ ਮਿਰਜਾ ਗ਼ਾਲਿਬ ਦੀ ਰਚਨਾ ਦਾ ਗਾਇਨ ਮਿਉਜ਼ਕ ਨਾਲ ਕਰਕੇ ਵਾਹ ਵਾਹ ਖੱਟੀ। ਜਸਬੀਰ ਸਿੰਘ ਸਿਹੋਤਾ ਨੇ 'ਤੁਹਾਨੂੰ ਤੁਹਡੇ ਖ਼ਿਆਲ ਮੁਬਾਰਿਕ' ਨਾਂ ਦੀ ਕਵਿਤਾਂ ਵੀਹ ਸੌ ਅਠਾਰਾਂ ਦੇ ਜਾਣ ਅਤੇ ਵੀਹ ਸੌ ਉੱਨੀ ਦੇ ਆਗਮਨ ਦੀਆਂ ਵਧਾਈਆਂ ਦੇ ਰੂਪ ਵਿੱਚ ਸਾਂਝੀ ਕੀਤੀ। ਗੁਰਦੀਸ਼ ਕੌਰ ਦੀਸ਼ ਨੇ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਕਵਿਤਾ ਸੁਣਾ ਕੇ ਸਿੱਖੀ ਇਤਿਹਾਸ ਦੇ ਪੱਤਰਿਆਂ ਨੂੰ ਸਰੋਤਿਆਂ ਨਾਲ ਸਾਂਝਾ ਕੀਤਾ। ਸਰਬਜੀਤ ਕੌਰ ਉੱਪਲ ਨੇ ਦਵਿੰਦਰ ਸੈਫ਼ਓਮਪ;ੀ ਦੀ 'ਆ ਬ੍ਰਿਖਾ' ਨਾਂ ਦੀ ਰਚਨਾ ਸੁਣਾਈ ਜਿਸ ਨੂੰ ਸੁਣ ਕੇ ਸਰੋਤੇ ਭਾਵਿਕ ਹੋ ਗਏ।

ਕੈਲਗਰੀ ਦੇ ਸ਼ਿਵ ਕਮਾਰ ਸ਼ਰਮਾਂ ਨੇ ਅੱਜ ਦੇ ਦਿਨ ਲੋਹੜੀ, ਮਾਘੀ ਦੀ ਗੱਲ ਕਰਦਿਆਂ ਕਰਤਾਰ ਪੁਰ ਲਾਂਘੇ ਤੇ ਹੋ ਰਹੀ ਰਾਜਨੀਤੀ ਤੇ ਉਂਗਲ ਧਰਦੀ ਕਵਿਤਾ ਸੁਣਾਈ। ਨਵੇਂ ਸਾਲ ਦੀ ਵਧਾਈ ਦੇ ਨਾਲ ਇੱਕ ਵਿਅੰਗ-ਮਈ ਕਵਿਤਾ 'ਕਿਆ ਹੈ ਬੁਢਾਪਾ' ਸੁਣਾ ਕੇ ਮਾਹੌਲ ਨੂੰ ਹਾਸ ਰੰਗ ਵਿੱਚ ਬਦਲ ਦਿੱਤਾ। ਸਭਾ ਦੇ ਜਨਰਲ ਸੱਕਤਰ ਜਸਵੰਤ ਸਿੰਘ ਸੇਖੋਂ ਨੇ ਵੀ ਸ਼ਹੀਦ ਮੇਵਾ ਸਿੰਘ ਲੋਪੋਕੇ ਦੀ ਕੁਰਬਾਨੀ ਨੂੰ ਕਵੀਸ਼ਰੀ ਰੰਗ ਵਿੱਚ ਪੇਸ਼ ਕਰਕੇ ਸਰੋਤਿਆ ਨੂੰ ਨਿਹਾਲ ਕੀਤਾ। ਇਸ ਦੇ ਨਾਲ ਹੀ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਿਭਾਉਦਿਆਂ ਹਰੇਕ ਬੁਲਾਰੇ ਲਈ ਸ਼ਾਇਰਾਨਾਂ ਅਤੇ ਵਿਲੱਖਣ ਅੰਦਾਜ਼ ਵਿੱਚ ਕੁਝ ਸ਼ਬਦ ਬੋਲ ਕੇ ਸਟੇਜ ਤੇ ਸੱਦਣ ਦੇ ਢੰਗ ਨੂੰ ਸਰੋਤਿਆਂ ਵੱਲੋਂ ਬਹੁਤ ਹੀ ਸਲਾਹਿਆ ਗਿਆ। ਅਮਰੀਕ ਸਿੰਘ ਚੀਮਾਂ ਨੇ ਸਮੇਂ ਦੀ ਕਾਲ ਵੰਡ ਬਾਰੇ ਵਿਸਥਾਰ ਸਹਿਤ ਚਰਚਾ ਵੇਦਾਂ ਦੇ ਹਵਾਲੇ ਨਾਲ ਕੀਤੀ ਅਤੇ ਬੈਂਤ (ਛੰਦ) ਸੁਣਾ ਕੇ ਨਵਾਂ ਸਾਹਿਤਕ ਰੰਗ ਬੰਨਿਆ। ਸੇਵਾ ਸਿੰਘ ਬਚਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਗੁਰ-ਪੁਰਬ ਦੀ ਵਧਾਈ ਦਿੰਦਿਆਂ, ਇੱਕ ਸ਼ਬਦ 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਦਾ ਗਾਇਨ ਇੰਨੇ ਮਿੱਠੇ ਅੰਦਾਜ਼ ਵਿੱਚ ਕੀਤਾ ਕਿ ਸਰੋਤੇ ਮੰਤਰ-ਮੁਗਧ ਹੋ ਗਏ। ਕੈਲਗਰੀ ਦੇ ਹਰਮਨ ਪਿਆਰੇ ਅਤੇ ਸੁਰੀਲੀ ਅਵਾਜ਼ ਦੇ ਮਾਲਕ ਗਾਇਕ ਸੁਖਵਿੰਦਰ ਸਿੰਘ ਤੂਰ ਨੇ ਇੱਕ ਵਿਅੰਗ-ਮਈ ਅੰਦਾਜ਼ ਵਿੱਚ ਆਪਣੇ ਦੇਸ਼ ਭਾਰਤ ਦੀ ਮਹਾਨਤਾ ਨੂੰ ਕਵਿਤਾ ਰੂਪ ਵਿੱਚ ਪੇਸ਼ ਕੀਤਾ ਤਾਂ ਹਾਸੇ ਦੀਆਂ ਫ਼ਹਾਰਾਂ ਵਰ੍ਹ ਪਈਆਂ। ਇਨ੍ਹਾਂ ਬੁਲਾਰਿਆ ਤੋਂ ਇਲਾਵਾ ਤੇਜਾ ਸਿੰਘ ਥਿਆੜਾ, ਗੁਰਦੇਵ ਸਿੰਘ ਬੱਲ, ਦਿਲਾਵਰ ਸਿੰਘ ਸਮਰਾ, ਸੁਖਦੇਵ ਕੌਰ ਢਾਅ ਅਤੇ ਆਦਰਸ਼ਪਾਲ ਸਿੰਘ ਘਟੋੜਾ ਨੇ ਵੀ ਇਸ ਸਾਹਿਤਕ ਮਿਲਣੀ ਵਿੱਚ ਹਿੱਸਾ ਲਿਆ। ਅਖ਼ੀਰ ਤੇ ਸਤਪਾਲ ਕੌਰ ਬੱਲ ਨੇ ਆਏ ਹੋਏ ਸਾਹਿਤਕਾਰਾਂ, ਸਾਹਿਤ ਪ੍ਰੇਮੀਆਂ ਦਾਂ ਧੰਨਵਾਦ ਕਰਦਿਆਂ ਨਵੇਂ ਸਾਲ ਵਿੱਚ ਨਵੀਆਂ ਸੋਚਾਂ ਲੈ ਆਪਣੀਆਂ ਕਲਮਾਂ ਚਲਾਉਦੇ ਰਹਿਣ ਦੀ ਅਪੀਲ ਕੀਤੀ ਅਤੇ ਅਗਲੀ ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਆਖਿਆ ਕਿ ਫਰਵਰੀ ਮਹੀਨੇ ਦੀ ਇਕੱਤਤਰਤਾ 10 ਫਰਵਰੀ ਨੂੰ ਕੋਸੋ ਹਾਲ ਵਿੱਚ ਹੋਵੇਗੀ। ਹੋਰ ਜਾਣਕਾਰੀ ਲਈ 403-590-1403 'ਤੇ ਸਤਪਾਲ ਕੌਰ ਬੱਲ, 403-681-3132 ਜਸਵੰਤ ਸਿੰਘ ਸੇਖੋਂ ਨੂੰ ਸੰਪਰਕ ਕੀਤਾ ਜਾ ਸਕਦਾ ਹੈ।

# ਇਰਿਸ਼ ਤੋਂ ਘੁੰਮਣ ਆਏ 6 ਮੈਂਬਰੀ ਪਰਿਵਾਰ ਨੇ ਨਿਊਜ਼ੀਲੈਂਡ ਕਾਰੋਬਾਰੀਆਂ ਤੇ ਪੁਲਿਸ ਨੂੰ ਘੁੰਮਾਇਆ

## ਬੇਸ਼ਰਮੀ ਦੀ ਹੱਦ ਕਿ ਨਿਊਜ਼ੀਲੈਂਡ ਨੇ ਸਾਨੂੰ ਗਲਤ ਪੇਸ਼ ਕੀਤਾ



ਔਕਲੈਂਡ, 15 ਜਨਵਰੀ (ਹਰਜਿੰਦਰ ਸਿੰਘ ਬਸਿਆਲਾ)- ਬੀਤੇ ਐਤਵਾਰ ਜਦੋਂ ਔਕਲੈਂਡ ਦੇ ਇਕ ਬੀਚ ਉਤੇ 6 ਮੈਂਬਰੀ ਇਰਿਸ਼ ਸੈਲਾਨੀਆਂ ਦੇ ਸਮੂਹ ਨੇ ਖਾਣ-ਪੀਣ ਬਾਅਦ ਸਾਰਾ ਕੂੜਾ ਬੀਚ ਉਤੇ ਹੀ ਛੱਡ ਦਿੱਤਾ ਤਾਂ ਇਸਦਾ ਵਿਰੋਧ ਇਕ ਇਸਤਰੀ ਨੇ ਕੀਤਾ, ਪਰ ਇਸ ਗਰੁੱਪ ਨੇ ਉਸਨੂੰ ਹੀ ਬੁਰਾ ਭਲਾ ਕਹਿ ਦਿੱਤਾ। ਇਥੋਂ ਤੱਕ ਕਿ ਉਸ ਔਰਤ ਵੱਲ ਜਾ ਕੇ ਕੂੜਾ ਸੁੱਟਿਆ। ਇਸ ਗਰੁੱਪ ਇਸ ਚਲਾਕੀ ਉਤ ਕੰਮ ਕਰਦਾ ਸੀ ਕਿ ਕਿਤੇ ਵੀ ਖਾਣਾ ਖਾਓ ਕੋਈ ਨਾ ਕੋਈ ਨਕਲੀ ਨੁਕਸ ਕੱਢ ਕੇ ਲੜਾਈ ਮੁੱਲ ਲੈ ਲਓ ਅਤੇ ਮੁਫਤ ਵਿਚ ਖਾਣਾ ਖਾ ਕੇ ਚਲਦੇ ਬਣੋ। ਇਕ ਜਾਂ ਦੋ ਰੈਸਟੋਰੈਂਟ ਦੇ ਵਿਚ ਇਨ੍ਹਾਂ ਨੇ ਖਾਣਾ ਆਦਿ ਖਾ ਕੇ ਰੌਲਾ ਪਾ ਲਿਆ ਕਿ ਖਾਣੇ ਦੇ ਵਿਚ ਵਾਲ ਸੀ। ਇਕ ਇੰਡੀਅਨ ਰੈਸਟੋਰੈਂਟ ਦੇ ਵੀ ਇਨ੍ਹਾਂ ਨੇ 250 ਡਾਲਰ ਡਕਾਰ ਲਏ। ਪੁਲਿਸ ਤੱਕ ਰਿਪੋਰਟ ਹੋਈ, ਪਰ ਬਚ ਨਿਕਲੇ। ਇਸ ਤੋਂ ਬਾਅਦ ਇਨ੍ਹਾਂ ਨੇ ਹਮਿਲਟਨ ਵੱਲ ਰੁੱਖ ਕੀਤਾ ਅਤੇ ਬਰਗਰ ਕਿੰਗ ਉਤੇ ਵੀ ਰੌਲਾ ਪਾਇਆ, ਜਿੱਥੇ ਇਨ੍ਹਾਂ ਨੂੰ ਟਰੈਸਪਾਸ ਦੇਣਾ ਪਿਆ। ਗੱਲ ਐਨੀ ਵਧ ਗਈ ਕਿ ਇਮੀਗ੍ਰੇਸ਼ਨ ਨੇ ਡਿਪੋਰਟੇਸ਼ਨ ਲਾਇਬਿਲਟੀ ਨੋਟਿਸ ਵੀ ਜਾਰੀ ਕਰ ਦਿੱਤੇ ਅਤੇ ਇਮੀਗ੍ਰੇਸ਼ਨ ਅਫਸਰ ਅਤੇ ਪੁਲਿਸ ਇਨਾਂ ਨੂੰ ਫੜਨ ਤੁਰ ਪਈ। ਅੱਜ ਆਖਿਰ ਇਹ ਫੜੇ ਗਏ ਹਨ ਅਤੇ 26 ਸਾਲਾ ਔਰਤ ਨੂੰ ਚੋਰੀ ਕਰਨ ਦੇ ਜ਼ੁਰਮ ਅਧੀਨ ਕੱਲ੍ਹ ਅਦਾਲਤ ਦੇ ਵਿਚ ਪੇਸ਼ ਕੀਤਾ ਜਾਵੇਗਾ। 11 ਜਨਵਰੀ ਨੂੰ ਜਿਸ ਕੈਥੇ ਪੈਸਫਿਕ ਫਲਾਈਟ ਦੇ ਵਿਚ ਇਹ ਆਏ ਸਨ ਉਥੇ ਵੀ ਇਨ੍ਹਾਂ ਨੇ ਭੜਥੂ ਪਾਈ ਰੱਖਿਆ। ਪੂਰਾ ਜਹਾਜ਼ ਸਿਰ 'ਤੇ ਚੁੱਕਿਆ ਹੋਇਆ ਸੀ। ਜ਼ਹਾਜ਼ ਚੜ੍ਹਨ ਤੋਂ ਪਹਿਲਾਂ ਹੀ ਖਾਣਾ ਅਤੇ ਬੀਅਰ ਮੰਗਣ ਲੱਗ ਪਏ ਸਨ ਸਾਰੇ। ਸਰੀਰ ਦੀ ਮੋਟਾਈ ਐਨੀ ਸੀ ਕਿ ਸੀਟਾਂ ਛੋਟੀਆਂ ਪੈ ਗਈਆਂ। ਨਿਊਜ਼ੀਲੈਂਡ ਵੀ ਕਿਰਾਏ ਦੀ ਕਾਰ ਦੇ ਵਿਚ ਇਨ੍ਹਾਂ ਨੇ ਗੈਰ ਉਚਿਤ ਤਰੀਕੇ ਨਾਲ ਬੱਚੇ ਲੱਦੇ ਰੱਖੇ। ਬੀਚ 'ਤੇ ਕੂੜਾ ਸੁੱਟਣ ਬਦਲੇ 400 ਤੋਂ 30,000 ਹਜ਼ਾਰ ਡਾਲਰ ਤੱਕ ਜ਼ੁਰਮਾਨਾ ਹੋ ਸਕਦਾ ਹੈ। ਬੇਸ਼ਰਮੀ ਦੀ ਹੱਦ ਤਾਂ ਇਹ ਹੈ ਕਿ ਇਸ ਸਾਰਾ ਕੁਝ ਦੇ ਇਸ ਪਰਿਵਾਰ ਨੇ ਕਿਹਾ ਹੈ ਕਿ ਉਹ ਜਲਦੀ ਵਾਪਿਸ ਚਲੇ ਜਾਣਗੇ ਕਿਉਂਕਿ ਨਿਊਜ਼ੀਲੈਂਡਾਂ ਨੇ ਸਾਨੂੰ ਗਲਤ ਪੇਸ਼ ਕੀਤਾ ਹੈ। ਸੋ ਬੀਤੇ ਐਤਵਾਰ ਤੋਂ ਇਸ ਬੇਲਗਾਮ ਸੈਲਾਨੀਆ ਨੇ ਸਥਾਨਕ ਕੁਝ ਕਾਰੋਬਾਰੀਆਂ ਅਤੇ ਪੁਲਿਸ ਨੂੰ ਘੁੰਮਾਇਆ ਪਿਆ ਹੈ।



PUNJAB SINDH FINANCE
TRUCK/TRAILER
LOAN & REFINANCE
PUNJABSINDH FINANCE
EVERY $ MAKES A DIFFERENCE

ਨਵੇਂ ਪੁਰਾਣੇ ਟ੍ਰਕਾਂ/ਟ੍ਰੇਲਰਾਂ ਦੀ ਕੁਝ ਹੀ ਘੰਟਿਆਂ ਵਿੱਚ Financing/Refinancing ਦਾ ਪੂਰਾ ਪ੍ਰਬੰਦ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)

# Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

**The Rules are changing For Real Estate Licence**

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
- Easy to Understand Material
- Important Practice Questions
- Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird



# ਸੰਪਾਦਕੀ

## ਮਿਉਂਸਪੈਲਟੀਆਂ ਦਾ ਰਿਵਿਊ : ਮਿਸੀਸਾਗਾ ਅਤੇ ਬਰੈਂਪਟਨ ਲਈ ਵੱਖੋ ਵੱਖਰੇ ਮਾਅਨੇ

ਉਂਟੇਰੀਓ ਦੀ ਕੰਜ਼ਰਵੇਟਿਵ ਸਰਕਾਰ ਨੇ ਐਲਾਨ ਕੀਤਾ ਹੈ ਕਿ ਇਸ ਸਾਲ ਦੀ ਪੱਤਝੜ ਰੁੱਤ ਤੋਂ ਪਹਿਲਾਂ ਪੀਲ, ਹਾਲਟਨ, ਡੁਰਹਮ ਅਤੇ ਯੌਰਕ ਸਮੇਤ 8 ਰੀਜਨਲ ਸਰਕਾਰਾਂ ਅਤੇ 74 ਮਿਉਂਸੀਪਲਟੀਆਂ ਦੇ ਕੰਮ ਕਾਜ ਦਾ ਰੀਵਿਊ ਕਰਵਾਇਆ ਜਾਵੇਗਾ। ਸਰਕਾਰ ਵੱਲੋਂ ਕੱਲ ਜਾਰੀ ਕੀਤੇ ਗਏ ਇੱਕ ਪਰੈੱਸ ਰੀਲੀਜ਼ ਵਿੱਚ ਕਿਹਾ ਗਿਆ ਹੈ ਕਿ ਰੀਜਨਲ ਸਰਕਾਰ ਮਾਡਲ ਲਗਭੱਗ 50 ਸਾਲ ਪਹਿਲਾਂ ਹੋਂਦ ਵਿੱਚ ਲਿਆਂਦਾ ਗਿਆ ਸੀ ਜਿਸਨੂੰ ਚੁਸਤ ਦਰੁਸਤ ਬਣਾਉਣ ਲਈ ਇਹ ਕਦਮ ਚੁੱਕਿਆ ਜਾ ਰਿਹਾ ਹੈ। ਮਿਉਂਸੀਪਲ ਅਤੇ ਰੀਜਨਲ ਸਰਕਾਰਾਂ ਦੇ ਕੰਮ ਕਾਜ ਦਾ ਪੜਚੋਲ ਕਰਵਾਉਣ ਦਾ ਡੱਗ ਫੋਰਡ ਨੇ ਚੋਣਾਂ ਦੌਰਾਨ ਵਾਅਦਾ ਕੀਤਾ ਗਿਆ ਸੀ।

ਰੀਵਿਊ ਵਿੱਚ ਟੋਰਾਂਟੋ ਮਿਉਂਸੀਪਲ ਵੀ ਸ਼ਾਮਲ ਹੈ ਜਿਸ ਦੀਆਂ ਕਾਉਂਸਲ ਸੀਟਾਂ ਨੂੰ ਜੂਨ 2018 ਵਿੱਚ ਇੱਕ ਸਪੈਸ਼ਲ ਐਕਟ ਪਾਸ ਕਰਕੇ 47 ਤੋਂ ਘਟਾ ਕੇ 25 ਕੀਤਾ ਜਾ ਚੁੱਕਾ ਹੈ। ਰੀਵਿਊ ਦੇ ਸਕੋਪ ਵਿੱਚ ਰੀਜਨਲ ਅਤੇ ਮਿਉਂਸੀਪਲ ਸਰਕਾਰਾਂ ਦੇ ਤਾਲਮੇਲ ਦਾ ਮੁਲਾਂਕਣ ਕਰਨਾ, ਮਿਉਂਸਪੈਲਟੀਆਂ ਵੱਲੋਂ ਫੈਸਲੇ ਕਰਨ ਦੀ ਪ੍ਰਕਿਰਿਆ ਦੀ ਪੜਚੋਲ ਕਰਨਾ ਅਤੇ ਇਹ ਵੇਖਣਾ ਸ਼ਾਮਲ ਹੈ ਕਿ ਕੀ ਰੀਜਨ ਅਤੇ ਮਿਉਂਸਪਲ ਵਾਲਾ ਦੋ ਪੱਧਰੀ ਸਿਸਟਮ (ਜਿਵੇਂ ਕਿ ਪੀਲ ਰੀਜਨ ਵਿੱਚ ਹੈ) ਸਾਰੀਆਂ ਮਿਉਂਸਪੈਲਟੀਆਂ ਲਈ ਢੁੱਕਵਾਂ ਵੀ ਹੈ ਜਾਂ ਨਹੀਂ।

ਇਸ ਰੀਵਿਊ ਦਾ ਐਲਾਨ ਇਸ ਲਈ ਵੀ ਦਿਲਚਸਪ ਹੈ ਕਿ ਮਿਉਂਸੀਪਲ ਚੋਣਾਂ ਤੋਂ ਯਕਦਮ ਪਹਿਲਾਂ ਸਰਕਾਰ ਨੇ ਪੀਲ ਰੀਜਨ ਸਮੇਤ ਕਈ ਰੀਜਨਲ ਸਰਕਾਰਾਂ ਦੇ ਚੇਅਰ ਦੀ ਕੁਰਸੀ ਲਈ ਪਹਿਲੀ ਵਾਰ ਕਰਵਾਈਆਂ ਜਾਣ ਵਾਲੀਆਂ ਚੋਣਾਂ ਨੂੰ ਅਚਾਨਕ ਰੱਦ ਕਰ ਦਿੱਤਾ ਸੀ। ਉਸ ਸਮੇਂ ਬਰੈਂਪਟਨ ਮੇਅਰ ਪੈਟਰਿਕ ਬਰਾਊਨ ਨੂੰ ਰਾਤੋ ਰਾਤ ਆਪਣੀ ਰਿਹਾਇਸ਼ ਬਦਲ ਕੇ ਬਰੈਂਪਟਨ ਮੇਅਰ ਲਈ ਉਮੀਦਵਾਰੀ ਦਾਖ਼ਲ ਕਰਨੀ ਪਈ ਸੀ।

ਇਸਨੂੰ ਕੁਦਰਤ ਦੀ ਖੇਡ ਜਾਂ ਸੋਚਿਆ ਸਮਝਿਆ ਸਿਆਸੀ ਕਦਮ ਹੀ ਆਖਿਆ ਜਾ ਸਕਦਾ ਹੈ ਕਿ ਕੱਲ ਜਿਸ ਵੇਲੇ ਸਰਕਾਰ ਨੇ ਮਿਉਂਸਪੈਲਟੀਆਂ ਦੇ ਰੀਵਿਊ ਦਾ ਕੁਈਨ ਪਾਰਕ ਤੋਂ ਐਲਾਨ ਕੀਤਾ, ਉਸ ਵੇਲੇ ਟੋਰਾਂਟੋ ਦੇ ਮੇਅਰ ਜੌਹਨ ਟੋਰੀ ਵੱਲੋਂ ਮਿਸੀਸਾਗਾ, ਬਰੈਂਪਟਨ, ਬਰਲਿੰਗਟਨ ਸਮੇਤ ਇਲਾਕੇ ਦੇ ਕਈ ਮੇਅਰਾਂ ਨਾਲ ਆਪਣੇ ਦਫ਼ਤਰ ਵਿੱਚ ਇੱਕ ਰਸਮੀ ਮੁਲਾਕਾਤ ਕੀਤੀ ਜਾ ਰਹੀ ਸੀ। ਸੁਭਾਵਿਕ ਹੈ ਕਿ ਇਸ ਖ਼ਬਰ ਨੇ ਇੱਕਤਰ ਹੋਏ ਮੇਅਰਾਂ ਵਿੱਚ ਖਲਬਲੀ ਭਰਿਆ ਪ੍ਰਤੀਕਰਮ ਪੈਦਾ ਕੀਤਾ। ਇਹ ਖ਼ਬਰ ਸੱਭ ਤੋਂ ਵੱਡਾ ਧਮਾਕਾ ਬਰੈਂਪਟਨ ਮੇਅਰ ਪੈਟਰਿਕ ਬਰਾਊਨ ਲਈ ਸੀ। ਖ਼ਬਰਾਂ ਮੁਤਾਬਕ ਬਰੈਂਪਟਨ ਮੇਅਰ ਵਾਸਤੇ ਆਪਣੇ ਇਸ ਤੌਖਲੇ ਨੂੰ ਲੁਕਾ ਪਾਉਣਾ ਔਖਾ ਹੋ ਰਿਹਾ ਸੀ ਕਿ ਇਸ ਰੀਵਿਊ ਦਾ ਅਰਥ ਡੱਗ ਫੋਰਡ ਵੱਲੋਂ ਉਸਦੀ ਕੁਰਸੀ ਨੂੰ ਖੋਰਾ ਲਾਉਣਾ ਹੋ ਸਕਦਾ ਹੈ।

ਵਰਨਣਯੋਗ ਹੈ ਕਿ ਰੀਵਿਊ ਦਾ ਮਕਸਦ ਸਰਕਾਰ ਦੇ ਆਪਣੇ ਸ਼ਬਦਾਂ ਵਿੱਚ, "ਰੀਜਨ ਅਤੇ ਮਿਉਂਸਪੈਲਟੀਆਂ ਦੇ ਕੰਮ ਕਾਰਜ ਨੂੰ ਸੁਧਾਰਨਾ ਅਤੇ ਟੈਕਸ ਅਦਾ ਕਰਤਾਵਾਂ ਦੇ ਡਾਲਰਾਂ ਦਾ ਮੁੱਲ ਮੋੜਨਾ ਹੈ"। ਜੇ ਟੋਰਾਂਟੋ ਸਿਟੀ ਵਿੱਚ ਕਾਉਂਸਲਰਾਂ ਦੀਆਂ ਘੱਟ ਕੀਤੀਆਂ ਸੀਟਾਂ ਕੋਈ ਸੰਕੇਤ ਹਨ ਤਾਂ ਪੈਟਰਿਕ ਬਰਾਊਨ ਦਾ ਚਿੰਤਤ ਹੋਣਾ ਸੁਭਾਵਕ ਹੈ।

ਇਸਦੇ ਨਾਲ ਹੀ ਰੀਵਿਊ ਨੇ ਲਗਭੱਗ ਮਰ ਚੁੱਕੀ ਉਸ ਪੁਰਾਣੀ ਚਰਚਾ ਨੂੰ ਵੀ ਦੁਬਾਰਾ 'ਆਕਸੀਜਨ' ਪ੍ਰਦਾਨ ਕਰ ਦਿੱਤੀ ਹੈ ਜਿਸਦਾ ਜਨਮ ਮਿਸੀਸਾਗਾ ਦੀ ਸਾਬਕਾ ਮੇਅਰ ਦੀ ਇੱਛਾ ਵਿੱਚੋਂ ਹੋਇਆ ਸੀ। ਇਹ ਚਰਚਾ ਹੈ ਮਿਸੀਸਾਗਾ ਦੀ ਪੀਲ ਰੀਜਨਲ ਸਰਕਾਰ ਨਾਲੋਂ ਨਾਤਾ ਤੋੜ ਕੇ ਵੱਖ ਹੋ ਜਾਣ ਦੀ ਖਵਾਹਿਸ਼। ਸੋ ਸੁਭਾਵਿਕ ਹੈ ਕਿ ਮੇਅਰ ਬੋਨੀ ਕਰੌਂਬੀ ਲਈ ਇਹ ਰੀਵਿਊ ਮਿਸੀਸਾਗਾ ਸਿਟੀ ਦੀ ਖ਼ੁਦਮੁਖਤਾਰੀ ਨੂੰ ਹੋਰ ਮਜ਼ਬੂਤ ਕਰਨ ਦਾ ਚੰਗਾ ਸਬੱਬ ਬਣ ਸਕਦਾ ਹੈ। ਸੋ ਕੋਈ ਦੋ ਰਾਵਾਂ ਨਹੀਂ ਹਨ ਕਿ ਪ੍ਰੋਵਿੰਸ਼ੀਅਲ ਟੋਰੀ ਸਰਕਾਰ ਦੀ ਆਲੋਚਕ ਹੋਣ ਦੇ ਬਾਵਜੂਦ ਬੋਨੀ ਕਰੌਂਬੀ ਨੇ ਕੱਲ ਕੀਤੇ ਗਏ ਦੇ ਐਲਾਨ ਦਾ ਖੁੱਲੀਆਂ ਬਾਹਵਾਂ ਨਾਲ ਸੁਆਗਤ ਕੀਤਾ ਹੈ। ਬਰੈਂਪਨ ਅਤੇ ਮਿਸੀਸਾਗਾ ਦੇ ਮੇਅਰਾਂ ਦਾ ਵੱਖੋ ਵੱਖਰਾ ਪ੍ਰਤੀਕਰਮ ਇਹ ਵੀ ਸਾਬਤ ਕਰਦਾ ਹੈ ਕਿ ਸਿਆਸੀ ਚਾਵਲ ਕਿਵੇਂ 'ਕਿਸੇ ਲਈ ਵਾਦੀ ਅਤੇ ਕਿਸੇ ਲਈ ਸੁਆਦੀ' ਹੋ ਸਕਦੇ ਹਨ।

ਸਾਬਕਾ ਡਿਪਟੀ ਮੰਤਰੀ ਅਤੇ ਮੈਟਰੋਲਿੰਕਸ ਦੇ ਰਹਿ ਚੁੱਕੇ ਚੀਫ਼ ਐਗਜ਼ੈਕਟਿਵ ਅਫ਼ਸਰ ਮਾਈਕਲ ਫੈਨ ਅਤੇ ਵਾਟਰਲੂ ਰੀਜਨ ਦੇ ਰਿਟਾਇਰ ਹੋ ਚੁੱਕੇ ਚੇਅਰ ਕੈਨ ਸੀਲਿੰਗ ਇਸ ਰੀਵਿਊ ਲਈ ਵਿਸ਼ੇਸ਼ ਸਲਾਹਕਾਰ ਨਿਯੁਕਤ ਕੀਤੇ ਗਏ ਹਨ। ਸਿਆਸੀ ਮਾਹਰ ਇਸ ਗੱਲ ਬਾਰੇ ਚਿੰਤਤ ਹਨ ਕਿ ਮਹਿਜ਼ 6-7 ਮਹੀਨਿਆਂ ਦੀ ਸਮਾਂ ਸੀਮਾ ਦੌਰਾਨ ਦੋ ਵਿਅਕਤੀ ਵੱਲੋਂ 82 ਮਿਉਂਸਪੈਲਟੀਆਂ ਦਾ ਕੀਤਾ ਗਿਆ ਰੀਵਿਊ ਕਿੰਨਾ ਕੁ ਮੋਕਲਾ ਅਤੇ ਪ੍ਰਭਾਵਕਾਰੀ ਹੋ ਸਕਦਾ ਹੈ। ਖਾਸ ਕਰਕੇ ਉਸ ਹਾਲਤ ਵਿੱਚ ਜਦੋਂ ਇਸ ਰੀਵਿਊ ਬਾਰੇ ਜਿੰਨਾ ਹਾਂ ਪੱਖੀ ਪ੍ਰਤੀਕਰਮ ਹੋਣ ਜਾ ਰਿਹਾ ਹੈ, ਤਕਰੀਬਨ ਉਨੇ ਖਦਸ਼ੇ ਵੀ ਜਾਹਰ ਕੀਤੇ ਜਾ ਰਹੇ ਹਨ।

## ਸ਼ੈਲਨਬਰਗ ਮਾਮਲੇ 'ਚ ਕੈਨੇਡਾ ਨੇ ਚੀਨ ਨੂੰ ਕੀਤੀ ਨਰਮੀ ਵਰਤਣ ਦੀ ਅਪੀਲ

...ਪੰਨਾ 1 ਦਾ ਬਾਕੀ

ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਮਹੀਨੇ ਵੈਨਕੂਵਰ ਵਿੱਚ ਚੀਨ ਦੀ ਕਾਰੋਬਾਰੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਨੂੰ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਕੈਨੇਡਾ ਤੇ ਚੀਨ ਦੇ ਸਬੰਧ ਅਜਿਹੇ ਵਿਗੜਨੇ ਸ਼ੁਰੂ ਹੋਏ ਕਿ ਰੁਕਣ ਦਾ ਨਾਂ ਹੀ ਨਹੀਂ ਲੈ ਰਹੇ। ਇਸ ਤੋਂ ਬਾਅਦ ਦੋ ਕੈਨੇਡੀਅਨ ਨਾਗਰਿਕਾਂ ਮਾਈਕਲ ਕੋਵਰਿਗ ਤੇ ਮਾਈਕਲ ਸਪੇਵਰ ਨੂੰ ਚੀਨ ਵਿੱਚ ਨਜ਼ਰਬੰਦ ਕਰ ਲਿਆ ਗਿਆ। ਫਰੀਲੈਂਡ ਨੇ ਆਖਿਆ ਕਿ ਦੋਵਾਂ ਮੁਲਕਾਂ ਦੇ ਉੱਚ ਅਧਿਕਾਰੀਆਂ ਵਿੱਚ ਇਸ ਸਬੰਧੀ ਗੱਲਬਾਤ ਨਿਯਮਿਤ ਤੌਰ ਉੱਤੇ ਚੱਲ ਰਹੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਇਸ ਮਾਮਲੇ ਵਿੱਚ ਗੱਲਬਾਤ ਕਰਨਾ ਬਹੁਤ ਜ਼ਰੂਰੀ ਹੈ। ਇਹ ਚੀਨ ਨਾਲ ਸਾਡੇ ਸਬੰਧਾਂ ਵਿੱਚ ਔਖੀ ਤੇ ਗੁੰਝਲਦਾਰ ਘੜੀ ਹੈ।

## ਕੈਨੇਡੀਅਨ ਨੂੰ ਮੌਤ ਦੀ ਸਜ਼ਾ ਸੁਣਾਏ ਜਾਣ ਬਾਰੇ ਟਰੂਡੋ ਦੀ ਟਿੱਪਣੀ ਨੂੰ ਚੀਨ ਨੇ ਦੱਸਿਆ ਗੈਰਜ਼ਿੰਮੇਵਰਾਨਾ

...ਪੰਨਾ 1 ਦਾ ਬਾਕੀ

ਇਸ ਤੋਂ ਇਲਾਵਾ ਸੋਮਵਾਰ ਨੂੰ ਇੱਕ ਹੋਰ ਮਾਮਲੇ ਵਿੱਚ ਚੀਨ ਦੀ ਅਦਾਲਤ ਨੇ ਕੈਨੇਡੀਅਨ ਰੌਬਰਟ ਲੌਇਡ ਸੈਲਨਬਰਗ ਨੂੰ ਕਥਿਤ ਤੌਰ ਉੱਤੇ 222 ਕਿੱਲੋ ਮੈਥਾਮਫੈਟਾਮਾਈਨਜ ਦੀ ਸਮਗਲਿੰਗ ਕਰਨ ਦੇ ਸਬੰਧ ਵਿੱਚ ਮੌਤ ਦੀ ਸਜਾ ਸੁਣਾ ਦਿੱਤੀ। ਇਸ ਨਾਲ ਦੋਵਾਂ ਮੁਲਕਾਂ ਦੇ ਸਬੰਧਾਂ ਵਿੱਚ ਖਟਾਸ ਹੋਰ ਵੱਧ ਗਈ ਹੈ। ਟਰੂਡੋ ਨੇ ਆਖਿਆ ਕਿ ਇਹ ਕੈਨੇਡਾ ਲਈ ਤੇ ਸਾਡੇ ਭਾਈਵਾਲਾਂ ਤੇ ਦੋਸਤਾਂ ਲਈ ਬਹੁਤ ਹੀ ਚਿੰਤਾ ਦਾ ਵਿਸਾ ਹੈ ਕਿ ਕੈਨੇਡੀਅਨ ਸਰਕਾਰ ਵੱਲੋਂ ਇਸ ਮਾਮਲੇ ਵਿੱਚ ਮੌਤ ਦੀ ਸਜਾ ਸੁਣਾ ਕੇ ਆਪਹੁਦਰੀਆਂ ਕੀਤੀਆਂ ਜਾ ਰਹੀਆਂ ਹਨ।

ਇਸ ਉੱਤੇ ਚੀਨ ਦੇ ਵਿਦੇਸ ਮੰਤਰਾਲੇ ਦੇ ਬੁਲਾਰੇ ਹੁਆ ਚੁਨਿਯਿੰਗ ਨੇ ਅਸੰਤੁਸਟੀ ਪ੍ਰਗਟਾਈ ਹੈ। ਹੁਆ ਨੇ ਆਖਿਆ ਕਿ ਕੈਨੇਡਾ ਦੇ ਉੱਘੇ ਅਧਿਕਾਰੀ ਵੱਲੋਂ ਇਸ ਤਰ੍ਹਾਂ ਦੀ ਬਿਆਨਬਾਜੀ ਸੋਭਦੀ ਨਹੀਂ ਹੈ। ਇਸ ਦੇ ਨਾਲ ਹੀ ਉਨ੍ਹਾਂ ਕੈਨੇਡਾ ਵੱਲੋਂ ਆਪਣੇ ਨਾਗਰਿਕਾਂ ਨੂੰ ਚੀਨ ਦੇ ਦੌਰੇ ਲਈ ਚੇਤਾਵਨੀ ਜਾਰੀ ਕਰਨ ਦਾ ਵੀ ਚੀਨੀ ਅਧਿਕਾਰੀਆਂ ਵੱਲੋਂ ਸਖਤ ਨੋਟਿਸ ਲਿਆ ਗਿਆ ਹੈ। ਉਨ੍ਹਾਂ ਆਖਿਆ ਕਿ ਇਸ ਦੇ ਉਲਟ ਕੈਨੇਡਾ ਨੂੰ ਆਪਣੇ ਨਾਗਰਿਕਾਂ ਨੂੰ ਨਸਿਆਂ ਦੀ ਸਮਗਲਿੰਗ ਕਰਨ ਤੋਂ ਰੋਕਣ ਦੀ ਸਲਾਹ ਦੇਣੀ ਚਾਹੀਦੀ ਹੈ।

ਪੰਜਾਬੀ ਪੋਸਟ
Canadian Punjabi Post

**Head Office**
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## 4000 ਰੁਪਏ ਰਿਸ਼ਵਤ ਲੈਂਦੇ ਪਟਵਾਰੀ ਨੂੰ ਵਿਜੀਲੈਂਸ ਨੇ ਫੜਿਆ

ਮੋਗਾ, 15 ਜਨਵਰੀ (ਪੋਸਟ ਬਿਊਰੋ)- ਵਿਜੀਲੈਂਸ ਵਿਭਾਗ ਨੇ ਕੱਲ੍ਹ ਪਿੰਡ ਘੱਲ ਕਲਾਂ ਵਿੱਚ ਪਟਵਾਰੀ ਛਿੰਦਰ ਸਿੰਘ ਨੂੰ ਇੱਕ ਕਿਸਾਨ ਤੇਜਿੰਦਰ ਪਾਲ ਸਿੰਘ ਤੋਂ 4000 ਰੁਪਏ ਰਿਸ਼ਵਤ ਲੈਂਦੇ ਰੰਗੇ ਹੱਥੀਂ ਫੜਿਆ ਹੈ।

ਇਸ ਸੰਬੰਧ ਵਿੱਚ ਵਿਜੀਲੈਂਸ ਦੇ ਡੀ ਐੱਸ ਪੀ ਰਛਪਾਲ ਸਿੰਘ ਨੇ ਦੱਸਿਆ ਕਿ ਪਿੰਡ ਘੱਲ ਕਲਾਂ ਦੇ ਇੱਕ ਕਿਸਾਨ ਤੇਜਿੰਦਰਪਾਲ ਸਿੰਘ ਨੇ ਸ਼ਿਕਾਇਤ ਕੀਤੀ ਸੀ ਕਿ ਉਸ ਨੇ ਆਪਣੇ ਭਰਾ ਸੁਖਵਿੰਦਰ ਸਿੰਘ ਅਤੇ ਮਾਤਾ ਜਸਵਿੰਦਰ ਕੌਰ ਦੇ ਨਾਂਅ ਉੱਤੇ ਖੇਤੀਬਾੜੀ ਕਰਜ਼ੇ ਲਈ ਕੇਨਰਾ ਬੈਂਕ ਤੋਂ ਲਿਮਟ ਬਣਾਉਣੀ ਸੀ, ਜਿਸ ਦੇ ਲਈ ਪਟਵਾਰੀ ਛਿੰਦਰ ਸਿੰਘ ਪਿੰਡ ਲੰਡੇ ਤੋਂ ਇੰਤਕਾਲ ਦਰਜ ਕਰਵਾਉਣਾ ਸੀ, ਪਰ ਪਟਵਾਰੀ ਟਾਲ-ਮਟੋਲ ਕਰਦਾ ਸੀ। ਇਸ ਪਿੱਛੋਂ ਪਟਵਾਰੀ ਛਿੰਦਰ ਸਿੰਘ ਨੇ ਉਨ੍ਹਾਂ ਤੋਂ 5000 ਰੁਪਏ ਰਿਸ਼ਵਤ ਦੀ ਮੰਗ ਕੀਤੀ ਜਿਸ ਦੇ ਬਾਅਦ ਉਸ ਦਾ ਪਟਵਾਰੀ ਤੋਂ 4000 ਰੁਪਏ ਵਿੱਚ ਸੌਦਾ ਤੈਅ ਹੋਇਆ। ਕੱਲ੍ਹ ਵਿਜੀਲੈਂਸ ਦੀ ਟੀਮ ਨ ਟਰੈਪ ਲਾ ਕੇ ਪਟਵਾਰੀ ਛਿੰਦਰ ਸਿੰਘ ਨੂੰ ਚਾਰ ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ।

## ਈਰਾਨ ਵੱਲੋਂ ਅਮਰੀਕੀ ਨੇਵੀ ਦਾ ਸਾਬਕਾ ਫੌਜੀ ਗ੍ਰਿਫਤਾਰ

ਤਹਿਰਾਨ, 15 ਜਨਵਰੀ (ਪੋਸਟ ਬਿਊਰੋ)- ਈਰਾਨ ਸਰਕਾਰ ਨੇ ਪੁਸ਼ਟੀ ਕੀਤੀ ਹੈ ਕਿ ਉਸ ਨੇ ਅਮਰੀਕੀ ਸਮੁੰਦਰੀ ਫੌਜ ਦੇ ਇੱਕ ਸਾਬਕਾ ਸੈਨਿਕ ਮਾਈਕਲ ਆਰ ਵ੍ਹਾਈਟ ਨੂੰ ਗ੍ਰਿਫਤਾਰ ਕੀਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਰਾਜ ਵਿੱਚ ਇਹ ਕਿਸੇ ਅਮਰੀਕੀ ਦੀ ਈਰਾਨ 'ਚ ਇਹ ਪਹਿਲੀ ਗ੍ਰਿਫਤਾਰੀ ਹੈ। ਇਸ ਨਾਲ ਦੋਵਾਂ ਦੇਸ਼ਾਂ 'ਚ ਪਹਿਲਾਂ ਤੋਂ ਜਾਰੀ ਤਣਾਅ ਹੋਰ ਵੱਧ ਸਕਦਾ ਹੈ।

ਵਿਸ਼ਵ ਸ਼ਕਤੀਆਂ ਨਾਲ ਈਰਾਨ ਦੇ ਐਟਮੀ ਸਮਝੌਤੇ ਨਾਲ ਅਮਰੀਕਾ ਮਈ 'ਚ ਇਕਪਾਸੜ ਬਾਹਰ ਹੋ ਗਿਆ ਸੀ। ਓਦੋਂ ਤੋਂ ਦੋਵਾਂ ਦੇਸ਼ਾਂ ਵਿੱਚ ਤਣਾਅ ਚੱਲ ਰਿਹਾ ਹੈ। ਮਾਈਕਲ ਦੀ ਗ੍ਰਿਫਤਾਰੀ ਦੇ ਕਾਰਨ ਹਾਲੇ ਸਪੱਸ਼ਟ ਨਹੀਂ, ਪਰ ਈਰਾਨ ਪਹਿਲਾਂ ਵੀ ਪੱਛਮੀ ਦੇਸ਼ਾਂ ਦੇ ਨਾਗਰਿਕਾਂ ਨੂੰ ਹਿਰਾ-ਸਤ 'ਚ ਲੈ ਕੇ ਉਨ੍ਹਾਂ ਦਾ ਇਸਤੇਮਾਲ ਸੌਦੇਬਬਾਜ਼ੀ ਲਈ ਕਰਦਾ ਰਿਹਾ ਹੈ। ਈਰਾਨ ਦੀ ਅਰਧ ਸਰਕਾਰੀ ਨਿਊਜ਼ ਏਜੰਸੀ ਤਸਨੀਮ ਨੇ ਈਰਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਬਹਿਰਾਮ ਘਾਸੇਮੀ ਦੇ ਹਵਾਲੇ ਨਾਲ ਕਿਹਾ ਕਿ ਇਕ ਅਮਰੀਕੀ ਨਾਗਰਿਕ ਨੂੰ ਕੁਝ ਸਮਾਂ ਪਹਿਲਾਂ ਮਸ਼ਹਦ ਸ਼ਹਿਰ 'ਚ ਗ੍ਰਿਫਤਾਰ ਕੀਤਾ ਗਿਆ ਸੀ। ਗ੍ਰਿਫਤਾਰੀ ਦੇ ਸ਼ੁਰੂ ਦੇ ਦਿਨਾਂ 'ਚ ਇਹ ਸੂਚਨਾ ਅਮਰੀਕੀ ਅਧਿਕਾਰੀਆਂ ਨੂੰ ਦੇ ਦਿੱਤੀ ਗਈ ਸੀ। ਮਸ਼ਹਦ ਰਾਜਧਾਨੀ ਤਹਿਰਾਨ ਤੋਂ 95 ਕਿਲੋਮੀਟਰ ਪੂਰਬ ਵਿੱਚ ਸਥਿਤ ਹੈ। ਅਮਰੀਕੀ ਅਖਬਾਰ 'ਨਿਊਯਾਰਕ ਟਾਈਮਜ਼' 'ਚ ਮਾਈਕਲ ਦੀ ਮਾਂ ਜੋਹਾਨ ਵ੍ਹਾਈਟ ਦੇ ਹਵਾਲੇ ਤੋਂ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਬੇਟੇ ਦੇ ਜ਼ਿੰਦਾ ਅਤੇ ਕੈਦ ਹੋਣ ਦੀ ਸੂਚਨਾ ਤਿੰਨ ਹਫਤੇ ਪਹਿਲਾਂ ਮਿਲੀ। ਜੋਹਾਨ ਨੇ ਕਿਹਾ ਕਿ ਉਨ੍ਹਾਂ ਦਾ 46 ਸਾਲਾ ਬੇਟਾ ਮਾਈਕਲ ਆਪਣੀ ਗਰਲਫ੍ਰੈਂਡ ਨੂੰ ਮਿਲਣ ਈਰਾਨ ਗਿਆ ਸੀ। ਮਾਈਕਲ ਦੇ ਇਲਾਵਾ ਚਾਰ ਹੋਰ ਅਮਰੀਕੀ ਵੀ ਇਸ ਸਮੇਂ ਈਰਾਨ ਦੀ ਕੈਦ ਵਿੱਚ ਹਨ।

## ਪਾਕਿ ਤੋਂ ਸਮਝੌਤਾ ਐਕਸਪ੍ਰੈਸ ਦੂਜੀ ਵਾਰ ਬਿਨਾਂ ਗਾਰਡ ਦੇ ਪੁੱਜੀ

ਅੰਮ੍ਰਿਤਸਰ, 15 ਜਨਵਰੀ (ਪੋਸਟ ਬਿਊਰੋ)- ਭਾਰਤ-ਪਾਕਿ ਵਿਚਕਾਰ ਚੱਲਦੀ ਸਮਝੌਤਾ ਐਕਸਪ੍ਰੈਸ ਕੱਲ੍ਹ ਦੂਸਰੀ ਵਾਰ ਬਿਨਾਂ ਗਾਰਡ ਦੇ ਪੁੱਜੀ ਹੈ। ਅਟਾਰੀ ਵਾਹਗਾ ਵਿਚਕਾਰ ਚੱਲ ਰਹੀ ਰੇਲ ਗੱਡੀ ਵਿੱਚ ਸਵਾਰ ਮੁਸਾਫਰਾਂ ਦੀ ਜ਼ਿੰਦਗੀ ਪੂਰੀ ਤਰ੍ਹਾਂ ਰੇਲ ਡਰਾਈਵਰ ਦੀ ਚੌਕਸੀ 'ਤੇ ਨਿਰਭਰ ਹੈ।

ਪਿਛਲੇ ਹਫਤੇ ਵੀਰਵਾਰ ਵੀ ਇਹ ਰੇਲ ਗੱਡੀ ਬਿਨਾਂ ਗਾਰਡ ਦੇ ਵਾਹਗਾ ਤੋਂ ਚੱਲ ਕੇ ਅਟਾਰੀ ਪੁੱਜੀ ਸੀ। ਇਸ ਰੇਲ ਗੱਡੀ ਵਿੱਚ ਗਾਰਡ ਦੇ ਨਾ ਹੋਣ ਦਾ ਕਾਰਨ ਵੀਜ਼ਾ ਖਤਮ ਹੋਣ ਦੇ ਬਾਅਦ ਰਿਨਿਊ ਨਾ ਹੋਣਾ ਦੱਸਿਆ ਗਿਆ ਹੈ। ਇਸ ਬਾਰੇ ਦੇਸ਼ ਦੀਆਂ ਖੁਫੀਆ ਏਜੰਸੀਆਂ ਦੇ ਨਾਲ ਸੁਰੱਖਿਆ ਏਜੰਸੀਆਂ ਨੇ ਵੀ ਚਿੰਤਾ ਪ੍ਰਗਟ ਕੀਤੀ ਅਤੇ ਵੱਖ-ਵੱਖ ਏਜੰਸੀਆਂ ਨੇ ਇਸ ਦੀ ਰਿਪੋਰਟ ਕੇਂਦਰ ਨੂੰ ਭੇਜ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਭਾਰਤ ਪਾਕਿ ਵਿਚਕਾਰ ਚੱਲਣ ਵਾਲੀ ਸਮਝੌਤਾ ਐਕਸਪ੍ਰੈਸ ਲਈ ਰੇਲਵੇ ਨੇ ਚਾਰ ਗਾਰਡ ਤਾਇਨਾਤ ਕੀਤੇ ਹਨ, ਜੋ ਵਾਰੀ-ਵਾਰ ਡਿਊਟੀ ਦਿੰਦੇ ਹਨ। ਦੱਸਿਆ ਗਿਆ ਹੈ ਕਿ ਸਮਝੌਤਾ ਐਕਸਪ੍ਰੈਸ ਦੇ ਨਾਲ ਦੋ ਵਾਰ ਗਾਰਡ ਦੇ ਨਾ ਆਉਣ ਪਿੱਛੇ ਵੀਜ਼ਾ ਖਤਮ ਹੋਣਾ ਕਾਰਨ ਪਤਾ ਲੱਗਾ ਹੈ।

## The photo radars coming back on our streets end of this year




By: Surjit Singh Flora

It's important to ask the right question, and most touchy topic, does photo radar save lives? Does it reduce collisions and increase safety? And, does photo radar provide a steady stream of just a cash grab to fill municipal coffers?

Answer is, "They do, however, defend the use of photo radar and say streets are safer because of the cameras. If you aren't speeding, they say, you don't even know they are there.

But not every public official supports the use of photo radar. But you like it or not the City of Toronto is planned to bring photo radar back on more than 700 locations around GTA streets later this year

Actually, in an era when politicians from all levels of government waste no time in passing any tax, toll or fee that slowly drains the wallets of working-class people, we are being introduced to the latest scheme to collect money, this time from drivers that disobey



traffic lights. We are told that drivers running red lights are the cause of collisions and speeding are responsible for traffic fatalities of motorists and pedestrians alike. And it is easy to believe that introducing red light cameras or the photo radars could contribute to safer intersections and our streets while allowing police to deploy their resources elsewhere and to greater effect.

We could all be forgiven for believing that the installation of more red-light cameras and Photo radars could mean safer intersections and our Roads. But before we buy into this concept, let's examine the numbers.

According to Constable Clinton Stibbe, a spokesperson for the Toronto Police Service, there were 77 collision fatalities at intersections in 2016, 15 involved pedestrians, 4 resulting fatalities. Mid-block collisions involving pedestrians were more lethal, with 19 deaths in 2016. Constable Stibbe rightly points out that fatalities can't be the only factor when looking at any approach to make our intersections and roads safe, and I agree with him. It's just that I am not convinced that installing red light cameras or photo radars at intersections and on our streets will make them safer.

No one drives through an intersection with the goal of having a collision. Bad, thoughtless or careless drivers always believe they can beat the light, or the car about to make a right or left turn will do so after they clear the intersection, or they don't believe the pedestrian will suddenly try to dash across the road against the walk signal. Will red light cameras be enough of a deterrent to reduce collisions at intersections? I doubt it. What they will do is record infractions and make it possible to levy fines against the culprits. They won't likely prevent the collision or fatality, but they will record it. In this sense they resemble more of a cash grab then an effective deterrent. And they do nothing to reduce the instances of mid-block pedestrian deaths, which would seem to be a much larger problem if the statistics I have been given are correct.


So, with plan to install these red-light cameras and photo radars. They will catch people running the light, they will provide evidence for the police in the event of a collision or pedestrian death, and they will make it possible for a fine to be levied against the driver. But they won't un-collide a collision, and I believe they will do little to reduce collisions before the fact, and nothing to reduce mid-block pedestrian deaths. But they are likely to raise substantial dollars for hungry municipal coffers or the Ontario government.

As Ontario Ministry of Transportation (MTO) confirmed. That Demerit points and the immediate licence suspensions by the Highway Traffic Act for drivers caught travelling at high rates of speed would not apply with photo radar. It hits and makes very clear it's nothing more than cash grab. Fines could range from $21 for going one km/h over the posted speed limit to $1,105-plus for 50 km/h or more.

The problem is, drivers have reported photo radar being used on stretches of highway with low chance of collisions.

Sadly, there's no word on when the government intends to complete its study or what changes it might make to their regulations. In the meantime, Ontario drivers should be cautious about obeying the posted speed limits. Speeding tickets impact your driving record and jack up your auto insurance rates. Ontario drivers already suffering and struggling high auto insurances.

End of the day, we will ultimately be disappointed in the lack of results, and by the time we know how ineffective a deterrent red-light camera and the photo radars are, the city will be too dependent on the revenue to move to a more effective strategy.









# ਕਹਾਣੀ ਵਿਚਾਰ ਮੰਚ ਟੋਰਾਂਟੋ ਦੀ ਇਸ ਨਵੇਂ ਵਰ੍ਹੇ ਦੀ ਪਲੇਠੀ ਮੀਟਿੰਗ ਹੋਈ

ਡਾ. ਜਤਿੰਦਰ ਕੋਰ ਰੰਧਾਵਾ



ਪ੍ਰਸਿੱਧ ਕਹਾਣੀਕਾਰ ਕੁਲਜੀਤ ਮਾਨ ਜੀ ਦੇ ਘਰ ਬੜੇ ਹੀ ਖੁਸ਼ਗਵਾਰ ਮਹੌਲ ਵਿੱਚ ਹੋਈ ਜਿਥੇ ਨਵੇਂ ਵਰ੍ਹੇ ਦੀਆਂ ਵਧਾਈਆਂ ਦਾ ਸਿਲਸਿਲਾ ਚਲਿਆ ਉੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਦਿਵਸ ਮੌਕੇ ਤੇ ਉਨ੍ਹਾਂ ਨੂੰ ਯਾਦ ਕਰਦਿਆਂ ਸਭ ਨੇ ਦੁਆ ਮੰਗੀ ਕਿ ਸਬ ਦਾ ਪਰਸਪਰ ਪਿਆਰ ਅਤੇ ਮਿਲਵਰਤਣ ਇੰਜ ਹੀ ਬਣਿਆ ਰਹੇ ਪਿਛਲੇ ਸਾਲ ਦਾ ਲੇਖਾ ਜੋਖਾ ਸਾਂਝਾ ਕਰਦਿਆਂ ਇਸ ਸਾਲ ਵੀ ਕੁੱਛ ਉਸਾਰੂ ਉਪਰਾਲੇ ਕਰਨ ਦੇ ਪ੍ਰੋਗਰਾਮ ਉਲੀਕੇ ਗਏ । ਬਲਬੀਰ ਜੀ ਵਲੋਂ ਕਹਾਣੀ ਖੇਤਰ ਦੇ ਕਿਸੇ ਵਿਦਵਾਨ ਨੂੰ ਬੁਲਾ ਕੇ ਇੱਕ ਸੈਮੀਨਾਰ ਕਰਵਾਉਣ ਦੀ ਗੱਲ ਆਰੰਭੀ ਗਈ, ਤਾਂ ਜੋ ਪੱਛਮੀ ਮੁੱਖ-ਧਾਰਾ ਦੇ ਕਹਾਣੀਕਾਰਾਂ ਨਾਲ ਆਧੁਨਿਕ ਕਹਾਣੀ ਕਲਾ ਅਤੇ ਕਹਾਣੀ ਸਰੰਚਨਾ ਉਪਰ ਗਲਬਾਤ ਕੀਤੀ ਜਾਵੇ ਅਤੇ ਇਸ ਦੇ ਨਾਲ ਨਾਲ ਕਨੇਡਾ ਵਿੱਚ ਰਚੀ ਜਾਣ ਵਾਲੀ ਕਹਾਣੀ ਉਪਰ ਇੱਕ ਸੈਮੀਨਾਰ ਕਰਵਾਉਣ ਦਾ ਫੈਸਲਾ ਵੀ ਕੀਤਾ ਗਿਆ। ਕਹਾਣੀ ਵਿਚਾਰ ਮੰਚ ਦੇ ਲੇਖਕਾਂ ਵੱਲੋਂ ਰਚੀਆਂ ਜਾ ਰਹੀਆਂ ਕਹਾਣੀਆਂ ਦਾ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕਰਨ ਦੀ ਗੱਲ ਹੋਈ ਜਿਸ ਨੂੰ ਮੈਂਬਰਾਂ ਨੇ ਭਰਵਾਂ ਹੁੰਗਾਰਾ ਦਿੱਤਾ ਇਸ ਮੀਟਿੰਗ ਵਿੱਚ ਕੁਲ ਚਾਰ ਕਹਾਣੀਆਂ ਪੜੀਆਂ ਗਈਆਂ । ਜਿਹਨਾਂ ਤੇ ਭਰਪੂਰ ਵਿਚਾਰ ਚਰਚਾ ਅਤੇ ਉਸਾਰੂ ਟੀਕਾ ਟਿੱਪਣੀ ਹੋਈ ਅਤੇ ਸੁਝਾਅ ਪੇਸ਼ ਕੀਤੇ ਗਏ ।

ਪਹਿਲੀ ਕਹਾਣੀ " ਗੁਰਦਵਾਰੇ ਤੇ ਚੜਿਆ ਆਦਮੀ " ਬਲਦੇਵ ਦੂੜੇ ਜੀ ਵਲੋਂ ਪੜੀ ਗਈ । ਜਿਸ ਦੀ ਸਲਾਹੁਤਾ ਸਾਰੇ ਮੈਂਬਰਾਂ ਵਲੋਂ ਕੀਤੀ ਗਈ ਅਤੇ ਸਾਰੇ ਮੈਂਬਰਾਂ ਨੇ ਬਲਦੇਵ ਦੂੜੇ ਦੀ ਇਸ ਪਲੇਠੀ ਕਹਾਣੀ ਨੂੰ ਜੀ ਆਇਆਂ ਆਖਿਆ ਇਹ ਕਹਾਣੀ ਧਾਰਮਿਕ ਅਸਹਿਣਸ਼ੀਲਤਾ, ਕੱਟੜਤਾ ਅਤੇ ਸਮਾਜਕ ਨਾ ਬਰਾਬਰੀ ਦੀ ਬਾਤ ਪਾਉਂਦੀ ਕਹਾਣੀ ਸੀ ਜੋ ਸਰੋਤਿਆਂ ਉੱਪਰ ਡੂੰਗਾ ਪ੍ਰਭਾਵ ਸਿਰਜਦੀ ਨਜ਼ਰ ਆਈ

ਦੂਸਰੀ ਕਹਾਣੀ ਗੁਰਮੀਤ ਪਨਾਗ ਦੀ "ਐਤਕੀਂ ਸ਼ਾਇਦ" ਇਕ ਲੰਬੀ ਕਹਾਣੀ ਸੀ ਜੋ ਸਬ ਨੂੰ ਬਹੁਤ ਪਸੰਦ ਆਈ । ਇਹ ਕਹਾਣੀ ਇਕ ਬਾਂਝ ਔਰਤ ਦੀ ਸੀ ਜੋ ਬੱਚਾ ਨਾ ਹੋਣ ਕਾਰਣ ਡੂੰਘੀ ਉਦਾਸੀ ਅਤੇ ਡਿੱਪਰੈਸ਼ਨ ਵਿਚ ਜਾ ਡਿਗਦੀ ਹੈ ਅਤੇ ਇਹ ਪਰਿਵਾਰਕ ਦਬਾਵ ਅਤੇ ਈਰਖਾ ਵਰਗੇ ਪ੍ਰਭਾਵਾਂ ਹੇਠ ਜਿਉਂਦੀ ਅਤੇ ਤ੍ਰਾਸਦੀ ਸਹਿੰਦੀ ਇਸਤਰੀ ਦੀ ਵਿਥਿਆ ਨੂੰ ਬਿਆਨ ਕਰਦੀ ਖੂਬਸੂਰਤ ਕਹਾਣੀ ਸੀ ਜਿਸ ਤੇ ਕਾਫੀ ਵਿਚਾਰ ਚਰਚਾ ਹੋਈ ਜਿਥੇ ਇਹ ਕਹਾਣੀ ਸੰਤਾਪ ਹੰਢਾਉਂਦੀ ਇਸਤਰੀ ਦੇ ਦਰਦ ਦੀ ਸੋਹਣੀ ਪੇਸ਼ਕਾਰੀ ਕਰਦੀ ਨਜ਼ਰ ਆਈ ਓਥੇ ਅਜੋਕੇ ਸਮੇ ਵਿੱਚ ਡਾਕਟਰੀ ਪੇਸ਼ੇ, ਦਵਾਈ ਕੰਪਨੀਆਂ ਅਤੇ ਇਹਨਾਂ ਨਾਲ ਸੰਬੰਧਿਤ ਹੋਰ ਜੁੜੇ ਪੇਸ਼ੇ ਦੀਆਂ ਸਵਾਰਥੀ ਚਾਲਾਂ ਅਤੇ ਨਿਜ਼ੀ ਮੁਨਾਫ਼ਾ ਕਮਾਉਣ ਦੇ ਕੋਝੇ ਤਰੀਕਿਆਂ ਦਾ ਵੀ ਪਰਦਾਫਾਸ਼ ਕਰਦੀ ਨਜ਼ਰ ਆਈ ਲੇਖਿਕਾ ਨੂੰ ਚੰਗੇ ਸੁਝਾਅ ਵੀ ਪੇਸ਼ ਕੀਤੇ ਗਏ।

ਤੀਸਰੀ ਕਹਾਣੀ ਰਛਪਾਲ ਕੌਰ ਜੀ ਵਲੋਂ ਪੜੀ ਗਈ । ਜਿਸ ਦੀ ਸਲਾਹੁਤਾ ਸਾਰੇ ਮੈਂਬਰਾਂ ਵਲੋਂ ਕੀਤੀ ਗਈ ਅਤੇ ਸਾਰੇ ਮੈਂਬਰਾਂ ਨੇ ਰਛਪਾਲ ਕੌਰ ਦੀ ਇਸ ਕਹਾਣੀ ਜਿਸ ਦਾ ਨਾਮ "ਢਲਦੇ ਦੀ ਲਾਲੀ" ਸੀ ਨੂੰ ਇਕ ਵਧੀਆ ਕਹਾਣੀ ਆਖ ਨਿਵਾਜ਼ਿਆ ਇਸ ਕਹਾਣੀ ਦਾ ਵਿਸ਼ਾ ਸਾਡੇ ਆਮ ਸਮਾਜਕ ਲੋਕਾਂ ਦੀ ਮਾਨਸਿਕਤਾ ਦੀ ਪੇਸ਼ਕਾਰੀ ਕਰਦਾ ਸੀ ਕੇ ਕਈ ਵਾਰ ਅਸੀਂ ਬਜ਼ੁਰਗ ਵਿਅਕਤੀ ਦੀ ਸੋਚ ਤੇ ਅਨੁਭਵ ਨੂੰ ਅਣਗੋਲਿਆਂ ਕਰ ਜਾਂਦੇ ਹਾਂ ਜਦ ਕੇ ਬਜ਼ੁਰਗ ਵਿਅਕਤੀ ਵਿੱਚ ਆਪਣੀ ਯੋਗਤਾ ਤੇ ਕਾਬਲੀਅਤ ਸਦਕਾ ਮਦਦ ਕਰਨ ਦੀ ਇੱਛਾ ਹਮੇਸ਼ਾ ਪ੍ਰਬਲ ਰਹਿੰਦੀ ਹੈ ਭਾਵੇਂ ਉਹ ਸ਼ਰੀਰਕ ਰੂਪ ਤੋਂ ਕਮਜ਼ੋਰ ਜਾਂ ਚੱਲਣ ਫਿਰਣ ਵਿੱਚ ਅਸਮਰੱਥ ਹੀ ਹੋਣ ਰਛਪਾਲ ਕੌਰ ਨੇ ਇਕ ਇਹੋ ਜਿਹੇ ਹੀ ਬਜ਼ੁਰਗ ਦੀ ਮਾਨਸਿਕ ਸਥਿਤੀ ਦਾ ਬਹੁਤ ਵਧੀਆ ਚਿਤਰਣ ਕੀਤਾ ।

ਚੋਥੀ ਕਹਾਣੀ ਡਾਕਟਰ ਜਤਿੰਦਰ ਕੌਰ ਰੰਧਾਵਾ ਵਲੋਂ ਪੜੀ ਗਈ ਜਿਸ ਦਾ ਸਿਰਲੇਖ "ਪ੍ਰਾਈਵੇਸੀ" ਸੀ ਇਹ ਕਹਾਣੀ ਇਸਤਰੀ ਮਨ ਦੀਆਂ ਡੂੰਘੀਆਂ ਪਰਤਾਂ ਨੂੰ ਫੋਲਦੀ ਇਕ ਭਾਵਪੂਰਤ ਕਹਾਣੀ ਸੀ ਇਸ ਕਹਾਣੀ ਵਿੱਚ ਪਰਿਵਾਰਕ ਰਿਸ਼ਤਿਆਂ ਅਤੇ ਸਾਡੇ ਸਮਾਜਕ ਰਿਸ਼ਤਿਆਂ ਵਿੱਚ ਆਉਂਦਾ ਬੇਗਾਨਾਪਨ ਅਤੇ ਖੋਖਲਾਪਨ ਬਹੁਤ ਭਾਵੁਕਤਾ ਨਾਲ ਪੇਸ਼ ਕੀਤਾ ਗਿਆ ਸਾਡੇ ਬਹੁਤ ਕਰੀਬੀ ਰਿਸ਼ਤੇ ਵੀ ਕਿਵੇਂ ਪ੍ਰਾਈਵੇਸੀ ਨਾਮ ਦੀ ਬਿਮਾਰੀ ਦੀ ਭੇਂਟ ਚੱੜ ਦਮ ਤੋੜ ਰਹੇ ਹਨ ਤੇ ਕਿਵੇਂ ਇਹ ਪ੍ਰਾਈਵੇਸੀ ਸਾਨੂ ਘੁੰਣ ਵਾਂਗਰ ਖਾ ਰਹੀ ਹੈ ਤੇ ਅਸੀਂ ਆਪਣੀਆਂ ਵਿੱਚ ਹੀ ਬੇਗਾਨਿਆਂ ਵਰਗੇ ਹੋ ਗਏ ਹਾਂ ਇਹ ਬਹੁਤ ਜ਼ਹੀਨ ਵਿਸ਼ੇ ਦੀ ਸੋਹਣੀ ਪੇਸ਼ਕਾਰੀ ਸੀ ਇਸ ਕਹਾਣੀ ਨੇ ਵੀ ਹਾਜ਼ਿਰ ਸਰੋਤਿਆਂ ਪਾਸੋਂ ਚੰਗੀ ਵਾਹ ਵਾਹ ਖੱਟੀ ਕਹਾਣੀ ਆਕਾਰ ਵਿੱਚ ਭਾਵੇਂ ਛੋਟੀ ਸੀ ਪਰ ਨਿੱਕੀ ਕਹਾਣੀ ਦੀ ਕਸੌਟੀ ਤੇ ਖ਼ਰੀ ਉੱਤਰਦੀ ਸੰਪੂਰਨ ਕਹਾਣੀ ਸੀ ਜੋ ਅਰਥ ਬੜੇ ਡੂੰਘੇ ਸਿਰਜ ਗਈ ਨਵੇਂ ਸਾਲ ਦੀ ਇਸ ਪਹਿਲੀ ਮੀਟਿੰਗ ਵਿੱਚ ਖੂਬ ਰੌਣਕ ਤੇ ਗਹਿਮਾ ਗਹਿਮੀ ਰਹੀ ।

ਇਸ ਕਹਾਣੀ ਮੀਟਿੰਗ ਵਿੱਚ ਬਲਬੀਰ ਕੌਰ ਸੰਘੇੜਾ ਅਤੇ ਉਹਨਾਂ ਦੇ ਪਤੀ ਸਤਿਕਾਰਯੋਗ ਸ਼੍ਰੀ ਮਾਨ ਸੰਘੇੜਾ, ਮੇਜਰ ਮਾਂਗਟ, ਗੁਰਮੀਤ ਪਨਾਗ ਅਤੇ ਓਹਨਾਂ ਦੇ ਪਤੀ ਜੰਗ ਪਨਾਗ, ਬਲਰਾਜ ਚੀਮਾ , ਕੁਲਜੀਤ ਮਾਨ , ਸਰਬਜੀਤ ਮਾਨ , ਕਮਲਜੀਤ ਕੌਰ, ਮਿੰਨੀ ਗਰੇਵਾਲ, ਸੁਰਜਨ ਜ਼ੀਰਵੀ, ਬਰਾਜਿੰਦਰ ਗੁਲਾਟੀ, ਮਨਮੋਹਨ ਗੁਲਾਟੀ,ਬਲਦੇਵ ਸਿੰਘ ਦੂੜੇ, ਕਮਲਜੀਤ ਨੱਤ, ਪਰਮਜੀਤ ਦਿਉਲ, ਸੁੰਦਰ ਪਾਲ ਕੋਰ, ਡਾ. ਜਤਿੰਦਰ ਕੋਰ ਰੰਧਾਵਾ,ਰੱਛਪਾਲ ਕੋਰ ਗਿਲ, ਬਲਜੀਤ ਧਾਲੀਵਾਲ, ਗੁਰਦਿਆਲ ਬੱਲ, ਹਰਮਨ ਪਿਆਰਾ ਜਸਜੀਤ ਜੈਸੀ , ਸ਼੍ਰੀ ਮਤੀ ਸੰਧੂ ਸੁਪਤਨੀ ( ਕਹਾਣੀਕਾਰ ਵਰਿਆਮ ਸੰਧੂ ) ਉਚੇਚੇ ਰੂਪ ਵਿੱਚ ਸ਼ਾਮਿਲ ਹੋਏ ਕੁਲਜੀਤ ਮਾਨ ਅਤੇ ਸਰਬਜੀਤ ਮਾਨ ਦੀ ਮਹਿਮਾਨ ਨਿਵਾਜ਼ੀ ਬੇਮਿਸਾਲ ਰਹੀ । ਖਾਣ- ਪੀਣ ਦੇ ਅਣਗਿਣਤ ਪਕਵਾਨਾਂ ਦੇ ਨਾਲ ਨਾਲ ਲੋਹੜੀ ਮਨਾਉਣ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਸੀ ਅਸੀਂ ਕਹਾਣੀ ਵਿਚਾਰ ਮੰਚ ਦੇ ਸਮੂਹ ਮੈਂਬਰਾਂ ਵਲੋਂ ਮਾਨ ਪਰਿਵਾਰ ਵਲੋਂ ਕੀਤੀ ਗਈ ਮਹਿਮਾਨ ਨਿਵਾਜ਼ੀ ਲਈ ਓਹਨਾਂ ਦਾ ਸ਼ੁਕਰੀਆ ਅਦਾ ਕਰਦੇ ਹਾਂ ।

# ਭਾਰਤੀ ਹਾਕੀ ਦੀ ਪੰਜਾਬਣ ਗੋਲ ਮਸ਼ੀਨ- ਗੁਰਜੀਤ ਕੌਰ

ਸੱਤਪਾਲ ਮਾਹੀ ਖਡਿਆਲ



ਪੁਰਸ਼ਾਂ ਦੀ ਹਾਕੀ 'ਚ ਹਮੇਸ਼ਾਂ ਹੀ ਭਾਰਤੀ ਟੀਮ 'ਚ ਪੰਜਾਬੀ ਗੱਭਰੂਆਂ ਦਾ ਬੋਲਬਾਲਾ ਰਹਿੰਦਾ ਹੈ। ਇਸ ਦੇ ਉਲਟ ਔਰਤਾਂ ਦੀ ਕੌਮੀ ਟੀਮ 'ਚ ਪੰਜਾਬਣ ਖਿਡਾਰਨਾਂ ਦੀ ਹਿੱਸੇਦਾਰੀ ਕਾਫੀ ਸਮੇਂ ਤੋਂ 1 ਜਾਂ 2 ਖਿਡਾਰਨਾਂ ਤੱਕ ਹੀ ਸੀਮਿਤ ਚੱਲੀ ਆ ਰਹੀ ਹੈ। ਹਾਲ ਹੀ ਵਿੱਚ ਜਕਾਰਤਾ ਏਸ਼ੀਅਨ ਖੇਡਾਂ 'ਚੋਂ ਚਾਂਦੀ ਦਾ ਤਗਮਾ ਜਿੱਤ ਕੇ ਆਈ ਭਾਰਤੀ ਟੀਮ ਲਈ ਇਕਲੌਤੀ ਪੰਜਾਬਣ ਖਿਡਾਰਨ ਗੁਰਜੀਤ ਕੌਰ ਧੁਰਾ ਸਾਬਤ ਹੋਈ। ਇਸ ਧੜੱਲੇਦਾਰ ਫੁੱਲ ਬੈਕ ਨੇ ਜਿੱਥੇ ਭਾਰਤੀ ਗੋਲਾਂ ਦੀ ਸਾਹਸ ਨਾਲ ਰੱਖਿਆ ਕੀਤੀ, ਉੱਥੇ ਉਸ ਨੇ ਏਸ਼ੀਅਨ ਖੇਡਾਂ ਦੀ ਸਰਵੋਤਮ ਗੋਲ ਸਕੋਰਰ ਹੋਣ ਦਾ ਮਾਣ ਵੀ ਪ੍ਰਾਪਤ ਕੀਤਾ। ਗੁਰਜੀਤ ਕੌਰ ਇਸ ਵੇਲੇ ਭਾਰਤੀ ਹਾਕੀ 'ਚ ਵਧੀਆ ਡਰੈਗ ਫਲਿੱਕਰ ਵਜੋਂ ਸਥਾਪਤ ਹੋ ਚੁੱਕੀ ਹੈ।

ਤਰਨਤਾਰਨ ਜਿਲ੍ਹੇ ਦੇ ਪਿੰਡ ਮਹਿਦੀਆਂ ਕਲਾਂ 'ਚ ਸ. ਸਤਨਾਮ ਸਿੰਘ ਤੇ ਸ੍ਰੀਮਤੀ ਹਰਜਿੰਦਰ ਕੌਰ ਦੇ ਘਰ ਪੈਦਾ ਹੋਈ ਗੁਰਜੀਤ ਕੌਰ ਨੇ ਅਜਨਾਲਾ ਦੇ ਸਕੂਲ ਤੋਂ ਪੰਜਵੀਂ ਪਾਸ ਕਰਨ ਉਪਰੰਤ ਸਰਕਾਰੀ ਸੈਕੰਡਰੀ ਸਕੂਲ ਕੈਰੋਂ ਵਿਖੇ ਛੇਵੀਂ ਜਮਾਤ 'ਚ ਦਾਖਲਾ ਲਿਆ। ਇਸ ਸਕੂਲ 'ਚ ਖੇਡਾਂ ਵਾਲਾ ਮਾਹੌਲ ਦੇਖ ਕੇ ਗੁਰਜੀਤ ਕੌਰ ਨੇ ਅਥਲੈਟਿਕਸ ਕੋਚ ਬਲਜਿੰਦਰ ਸਿੰਘ ਕੋਲੋਂ ਫਰਾਟਾ ਦੌੜਾਂ 'ਚ ਜ਼ੋਰਅਜ਼ਮਾਇਸ਼ ਸ਼ੁਰੂ ਕੀਤੀ। ਪਰ ਕੋਚ ਬਲਜਿੰਦਰ ਸਿੰਘ ਨੇ ਗੁਰਜੀਤ ਨੂੰ ਹਾਕੀ ਖੇਡਣ ਦੇ ਕਾਬਲ ਸਮਝਿਆ ਅਤੇ ਕੋਚ ਸ਼ਰਨਜੀਤ ਸਿੰਘ ਕੋਲ ਹਾਕੀ ਖੇਡਣ ਲਈ ਛੱਡ ਦਿੱਤਾ। ਕੋਚ ਸ਼ਰਨਜੀਤ ਸਿੰਘ ਦੀ ਸੁਚੱਜੀ ਸਿਖਲਾਈ ਸਦਕਾ ਗੁਰਜੀਤ ਕੌਰ ਨੇ ਛੇਵੀਂ ਜਮਾਤ 'ਚ ਪੜ੍ਹਦਿਆ ਬਤੌਰ ਸੈਂਟਰ ਹਾਫ ਪਹਿਲੇ ਸਾਲ ਹੀ ਪੰਜਾਬ ਸਕੂਲ ਖੇਡਾਂ 2006 (ਅੰਡਰ-14) 'ਚ ਹਿੱਸਾ ਲੈਣ ਦਾ ਮਾਣ ਪ੍ਰਾਪਤ ਕੀਤਾ। ਅਗਲੇ ਵਰ੍ਹੇ ਉਸ ਨੇ ਕੌਮੀ ਸਕੂਲ ਖੇਡਾਂ 'ਚ ਪੰਜਾਬ ਦੀ ਨੁਮਾਇੰਦਗੀ ਕੀਤੀ। ਫਿਰ ਅੰਡਰ-17 ਵਰਗ 'ਚ ਗੁਰਜੀਤ ਕੌਰ ਕੌਮੀ ਸਕੂਲ ਖੇਡਾਂ 2009 ਦੀ ਚੈਂਪੀਅਨ ਬਣੀ ਪੰਜਾਬ ਦੀ ਟੀਮ ਦੀ ਸਿਰਕੱਢ ਖਿਡਾਰਨ ਬਣੀ। ਅਗਲੇ ਵਰ੍ਹੇ ਗੁਰਜੀਤ ਕੌਮੀ ਸਕੂਲ ਖੇਡਾਂ 'ਚੋਂ ਉਪ ਜੇਤੂ ਰਹੀ ਅੰਡਰ-17 ਟੀਮ ਦੀ ਮੈਂਬਰ ਬਣੀ। ਫਿਰ 2011 'ਚ ਕੌਮੀ ਸਕੂਲ ਖੇਡਾਂ ਦੇ ਅੰਡਰ-19 ਵਰਗ ਦੀ ਅੱਵਲ ਰਹੀ ਪੰਜਾਬ ਦੀ ਟੀਮ 'ਚ ਵੀ ਗੁਰਜੀਤ ਦੀ ਖੇਡ ਨੇ ਮੋਹਰੀ ਭੂਮਿਕਾ ਨਿਭਾਈ। ਸਕੂਲ ਖੇਡਾਂ ਦੇ ਸਮਾਂਤਰ ਹੀ ਗੁਰਜੀਤ ਕੌਮੀ ਜੂਨੀਅਰ ਚੈਂਪੀਅਨਸ਼ਿਪ 'ਚੋਂ ਵੀ ਤਿੰਨ ਤਗਮੇ ਜਿੱਤਣ 'ਚ ਸਫਲ ਰਹੀ। ਸੰਨ 2012 'ਚ ਗੁਰਜੀਤ ਕੌਰ ਪਹਿਲੀ ਵਾਰ ਸੀਨੀਅਰ ਕੌਮੀ ਚੈਂਪੀਅਨਸ਼ਿਪ 'ਚ ਚੌਥੇ ਸਥਾਨ 'ਤੇ ਰਹੀ ਪੰਜਾਬ ਦੀ ਟੀਮ ਦੀ ਮੈਂਬਰ ਬਣੀ। ਫਿਰ ਉਹ ਸੀਨੀਅਰ ਵਰਗ 'ਚ ਕੌਮੀ ਪੱਧਰ 'ਤੇ ਪੰਜਾਬ ਦੀਆਂ ਚਾਂਦੀ ਅਤੇ ਕਾਂਸੀ ਦਾ ਤਗਮਾ ਜਿੱਤਣ ਵਾਲੀਆਂ ਟੀਮਾਂ ਦਾ ਸ਼ਿੰਗਾਰ ਵੀ ਬਣੀ। ਇੰਨ੍ਹਾਂ ਚੈਂਪੀਅਨਸ਼ਿਪਾਂ 'ਚ ਦਿਖਾਈ ਵਧੀਆ ਕਾਰਗੁਜ਼ਾਰੀ ਸਦਕਾ ਗੁਰਜੀਤ ਕੌਮੀ ਕੈਂਪ 'ਚ ਸ਼ਾਮਲ ਹੋ ਗਈ। ਜਿਸ ਦੌਰਾਨ ਉਸ ਨੇ ਜੂਨੀਅਰ ਏਸ਼ੀਆ ਕੱਪ 'ਚ ਦੇਸ਼ ਦੀ ਪਹਿਲੀ ਵਾਰ ਨੁਮਾਇੰਦਗੀ ਕੀਤੀ। ਮਲੇਸ਼ੀਆ 'ਚ ਹੋਏ ਸੀਨੀਅਰ ਏਸ਼ੀਆ ਕੱਪ 'ਚ ਵੀ ਗੁਰਜੀਤ ਕੌਮੀ ਟੀਮ ਦਾ ਹਿੱਸਾ ਬਣੀ।ਕੇਰਲਾ 'ਚ ਹੋਈਆਂ ਕੌਮੀ ਖੇਡਾਂ 2012 'ਚ ਸੋਨ ਤਗਮਾ ਜੇਤੂ ਪੰਜਾਬ ਦੀ ਟੀਮ 'ਚ ਗੁਰਜੀਤ ਕੌਰ ਨੇ ਸ਼ਾਮਲ ਹੋਣ ਦਾ ਐਜ਼ਾਜ਼ ਹਾਸਿਲ ਕੀਤਾ। ਸੈਫ ਖੇਡਾਂ 2016 'ਚ ਸੋਨ ਤਗਮਾ ਜੇਤੂ ਭਾਰਤੀ ਟੀਮ ਦਾ ਵੀ ਗੁਰਜੀਤ ਸ਼ਿੰਗਾਰ ਬਣੀ। ਵਿਸ਼ਵ ਹਾਕੀ ਲੀਗ ਕੈਨੇਡਾ ਦੇ ਦੂਸਰੇ ਦੌਰ ਦੀ ਚੈਂਪੀਅਨ ਬਣੀ ਭਾਰਤੀ ਟੀਮ ਦੀਆਂ ਜਿੱਤਾਂ 'ਚ ਵੀ ਗੁਰਜੀਤ ਦਾ ਚੋਖਾ ਯੋਗਦਾਨ ਰਿਹਾ। ਵਿਸ਼ਵ ਲੀਗ ਦੇ ਤੀਸਰੇ ਦੌਰ 'ਚ ਛੇਵੇਂ ਸਥਾਨ 'ਤੇ ਰਹੀ ਭਾਰਤੀ ਟੀਮ 'ਚ ਵੀ ਗੁਰਜੀਤ ਨੇ ਖੇਡਣ ਦਾ ਮਾਣ ਪ੍ਰਾਪਤ ਕੀਤਾ। ਏਸ਼ੀਆ ਕੱਪ ਜਪਾਨ 2017 ਦੀ ਚੈਂਪੀਅਨ ਬਣੀ ਭਾਰਤੀ ਟੀਮ ਦੀ ਮੈਂਬਰ ਵਜੋਂ ਗੁਰਜੀਤ ਟੂਰਨਾਮੈਂਟ ਦੀ ਸਰਵੋਤਮ ਗੋਲ ਸਕੋਰਰ ਰਹੀ। ਵਿਸ਼ਵ ਕੱਪ 'ਚ ਵੀ ਭਾਰਤੀ ਟੀਮ 'ਚ ਗੁਰਜੀਤ ਕੌਰ ਸ਼ਾਮਲ ਸੀ। ਇਸੇ ਵਰ੍ਹੇ ਹੋਈ ਦੱਖਣੀ ਕੋਰੀਆ 'ਚ ਹੋਈ ਏਸ਼ੀਅਨ ਚੈਂਪੀਅਨਸ਼ਿਪ 'ਚ ਦੂਸਰੇ ਸਥਾਨ 'ਤੇ ਰਹੀ ਭਾਰਤੀ ਟੀਮ ਦਾ ਵੀ ਗੁਰਜੀਤ ਧੁਰਾ ਸਾਬਤ ਹੋਈ। ਇਸੇ ਸਾਲ ਗੋਲਡ ਕੋਸਟ (ਆਸਟਰੇਲੀਆ) 'ਚ ਹੋਈਆਂ ਰਾਸ਼ਟਰਮੰਡਲ ਖੇਡਾਂ 'ਚ ਚੌਥੇ ਸਥਾਨ 'ਤੇ ਰਹੀ ਭਾਰਤੀ ਟੀਮ 'ਚ ਵੀ ਗੁਰਜੀਤ ਦੇਸ਼ ਦੀ ਝੰਡਾਬਰਦਾਰ ਬਣੀ। ਹਾਲ ਹੀ ਵਿੱਚ ਹੋਈਆ ਏਸ਼ੀਅਨ ਖੇਡਾਂ ਜਕਾਰਤਾ 'ਚੋਂ ਚਾਂਦੀ ਦਾ ਤਗਮਾ ਜੇਤੂ ਭਾਰਤੀ ਟੀਮ 'ਚ ਸ਼ਾਮਲ ਇਕਲੌਤੀ ਪੰਜਾਬਣ ਖਿਡਾਰਨ ਵਜੋਂ ਗੁਰਜੀਤ ਕੌਰ, ਇੰਨ੍ਹਾਂ ਖੇਡਾਂ ਦੀ ਸਰਵੋਤਮ ਗੋਲ ਸਕੋਰਰ (8 ਗੋਲ) ਵੀ ਬਣੀ। ਰੇਲਵੇ 'ਚ ਅਹਿਮਦਾਬਾਦ ਵਿਖੇ ਸੇਵਾਵਾਂ ਨਿਭਾਉਣ ਵਾਲੀ ਗੁਰਜੀਤ ਹੁਣ ਤੱਕ ਕੌਮਾਂਤਰੀ ਟੂਰਨਾਮੈਂਟਾਂ ਤੋਂ ਇਲਾਵਾ ਹਾਲੈਂਡ, ਦੱਖਣੀ ਅਫਰੀਕਾ, ਬੇਲਾਰੂਸ, ਸਪੇਨ, ਨਿਊਜ਼ੀਲੈਂਡ ਤੇ ਦੱਖਣੀ ਕੋਰੀਆ ਖਿਲਾਫ ਟੈਸਟ ਲੜੀਆਂ ਵੀ ਖੇਡ ਚੁੱਕੀ ਹੈ।ਏਸ਼ੀਅਨ ਖੇਡਾਂ 'ਚ ਤਗਮਾ ਜਿੱਤਣ ਉਪਰੰਤ ਗੁਰਜੀਤ ਦਾ ਸਾਬਕਾ ਕੌਮਾਂਤਰੀ ਹਾਕੀ ਖਿਡਾਰੀਆਂ ਗੁਰਜੀਤ ਸਿੰਘ ਪੱਟੀ, ਸੰਦੀਪ ਸਿੰਘ ਪੱਟੀ (ਦੋਨੋਂ ਆਸਟਰੇਲੀਆ ਵਾਸੀ), ਗਗਨਅਜੀਤ ਸਿੰਘ, ਤੇਜਬੀਰ ਸਿੰਘ, ਜੁਗਰਾਜ ਸਿੰਘ, ਪ੍ਰੋ. ਸੁਰਿੰਦਰ ਸਿੰਘ ਮੰਡ ਤੇ ਕੋਚ ਸਰੂਪ ਸਿੰਘ ਕੈਰੋਂ ਨੇ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ।

ਗੁਰਜੀਤ ਕੌਰ ਨੇ ਕੋਚ ਸਰਨਜੀਤ ਸਿੰਘ ਕੋਲੋਂ ਬਤੌਰ ਸੈਂਟਰ ਹਾਫ ਹਾਕੀ ਖੇਡਣ ਦਾ ਸਫਰ ਸ਼ੁਰੂ ਕੀਤਾ ਅਤੇ ਕੌਮੀ ਟੀਮ 'ਚ ਆਉਣ ਤੋਂ ਬਾਅਦ ਉਸ ਨੇ ਜਲਦੀ ਹੀ ਪੈਨਲਟੀ ਕਾਰਨਰ ਮਾਹਿਰ ਵਜੋਂ ਪਹਿਚਾਣ ਬਣਾਉਣੀ ਸ਼ੁਰੂ ਕੀਤੀ। ਉਸ ਨੇ ਸਖ਼ਤ ਅਭਿਆਸ ਕਰਕੇ ਆਪਣੇ-ਆਪ ਨੂੰ ਡਰੈਗ ਫਲਿੱਕਰ ਵਜੋਂ ਸਥਾਪਤ ਕਰ ਲਿਆ ਹੈ। ਗੁਰਜੀਤ ਕੌਰ ਆਪਣੀਆਂ ਪ੍ਰਾਪਤੀਆਂ ਦਾ ਸਿਹਰਾ ਮਾਪਿਆਂ ਤੇ ਕੋਚ ਸ਼ਰਨਜੀਤ ਸਿੰਘ ਨੂੰ ਦਿੰਦੀ ਹੈ, ਜਿੰਨ੍ਹਾਂ ਸਦਕਾ ਉਹ ਕੌਮਾਂਤਰੀ ਮੰਚ 'ਤੇ ਪੰਜਾਬ ਦੀ ਝੰਡਾਬਰਦਾਰ ਬਣੀ ਹੋਈ ਹੈ।

# ਭਾਜਪਾ ਵਿਰੁੱਧ ਗਠਜੋੜਾਂ ਦਾ ਕੀ ਪ੍ਰਭਾਵ ਹੋਵੇਗਾ

-ਆਕਾਰ ਪਟੇਲ

ਭਾਰਤ ਵਿੱਚ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਵਿਰੁੱਧ ਬਣਾਏ ਜਾ ਰਹੇ ਗਠਜੋੜਾਂ ਦਾ ਕਿੰਨਾ ਪ੍ਰਭਾਵ ਹੋਵੇਗਾ? ਇਸ ਦਾ ਸੁਭਾਵਿਕ ਸਿੱਟਾ ਇਹ ਹੋਵੇਗਾ ਕਿ ਭਾਜਪਾ ਨੂੰ 2019 ਵਿੱਚ ਘੱਟ ਸੀਟਾਂ ਮਿਲਣਗੀਆਂ। ਭਾਰਤ ਵਿੱਚ ਚੋਣ ਗਠਜੋੜਾਂ ਦਾ ਇਤਿਹਾਸ ਦੱਸਦਾ ਹੈ ਕਿ ਜਦੋਂ ਇੱਕ ਹਾਕਮ ਪਾਰਟੀ ਨੂੰ ਆਪੋਜ਼ੀਸ਼ਨ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਹ ਸੀਟਾਂ ਗੁਆ ਦਿੰਦੀ ਹੈ। ਏਦਾਂ ਹੀ ਕਾਂਗਰਸ ਨਾਲ ਹੋਇਆ ਸੀ, ਜਦੋਂ ਆਜ਼ਾਦੀ ਪਿੱਛੋਂ ਪੰਜ ਦਹਾਕਿਆਂ ਤੱਕ ਇਹ ਇੱਕ ਹਾਕਮ ਪਾਰਟੀ ਰਹੀ ਸੀ। ਜਦੋਂ ਕਦੇ ਆਪੋਜ਼ੀਸ਼ਨ ਇਕੱਠੀ ਹੋਈ, ਜਿਵੇਂ 1977 ਅਤੇ 1989 ਵਿੱਚ ਹੋਈ ਸੀ, ਉਹ ਵੱਡੀ ਪਾਰਟੀ ਨੂੰ ਹਰਾਉਣ ਦੇ ਸਮਰੱਥ ਹੁੰਦੀ ਹੈ। ਸਿਧਾਂਤ ਇਹ ਹੈ ਕਿ ਕਿਉਂਕਿ ਭਾਰਤ 'ਚ ਜ਼ਿਆਦਾਤਰ ਪਾਰਟੀਆਂ ਜਾਤੀ ਆਧਾਰਤ ਹਨ, ਗਠਜੋੜ ਕੰਮ ਕਰਦੇ ਹਨ ਅਤੇ ਵੋਟ ਹਿੱਸੇਦਾਰੀ ਵਧਾਉਣ ਦੇ ਸਮਰੱਥ ਹੁੰਦੇ ਹਨ, ਜਦੋਂ ਹਾਕਮ ਪਾਰਟੀ ਦੇ ਵਿਰੁੱਧ ਵੱਡੇ ਗਠਜੋੜ ਬਣਦੇ ਹਨ ਤਾਂ ਉਹ ਸੰਕਟ 'ਚ ਪੈ ਜਾਂਦੀ ਹੈ।

ਹੋ ਸਕਦਾ ਹੈ ਕਿ ਇਸ ਸਾਲ ਮਈ ਵਿੱਚ ਅਜਿਹਾ ਹੋਵੇ ਜਾਂ ਨਾ ਹੋਵੇ ਅਤੇ ਇਹ ਵੀ ਹੋ ਸਕਦਾ ਹੈ ਕਿ ਭਾਜਪਾ ਕਿਸੇ ਗਠਜੋੜ ਰਾਹੀਂ ਸੱਤਾ ਵਿੱਚ ਫਿਰ ਤੋਂ ਵਾਪਸੀ ਕਰ ਲਵੇ, ਪਰ ਇਸ ਦੀ ਬਹੁਤ ਘੱਟ ਉਮੀਦ ਹੈ ਕਿ ਇਸ ਨੂੰ 2014 ਦੇ ਮੁਕਾਬਲੇ ਵੱਧ ਵਿਰੋਧ ਝੱਲਣਾ ਪਵੇਗਾ। ਆਸ ਕੀਤੀ ਜਾਂਦੀ ਹੈ ਕਿ ਮਹਾਰਾਸ਼ਟਰ, ਗੁਜਰਾਤ, ਰਾਜਸਥਾਨ, ਮੱਧ ਪ੍ਰਦੇਸ਼ ਅਤੇ ਉਤਰ ਪ੍ਰਦੇਸ਼ ਵਿੱਚ ਭਾਜਪਾ ਘੱਟੋ-ਘੱਟ 100 ਸੀਟਾਂ ਗੁਆ ਸਕਦੀ ਹੈ। ਇਸ ਨੁਕਸਾਨ ਦੀ ਦੇਸ਼ ਦੇ ਉਨ੍ਹਾਂ ਹਿੱਸਿਆਂ 'ਚ ਪੂਰਤੀ ਨਹੀਂ ਹੋ ਸਕੇਗੀ, ਜਿੱਥੇ ਪਾਰਟੀ ਲਾਭ 'ਚ ਹੋਵੇਗੀ, ਮਿਸਾਲ ਵਜੋਂ ਕੇਰਲ ਤੇ ਪੱਛਮੀ ਬੰਗਾਲ। ਸਾਨੂੰ ਛੇਤੀ ਹੀ ਪਤਾ ਲੱਗ ਜਾਵੇਗਾ ਕਿ ਕੀ ਹੋ ਰਿਹਾ ਹੈ, ਜਦੋਂ ਅਗਲੇ ਮਹੀਨੇ ਤੋਂ ਜਨਮਤ ਸਰਵੇਖਣ ਆਉਣੇ ਸ਼ੁਰੂ ਹੋ ਜਾਣਗੇ। ਗਠਜੋੜਾਂ ਦਾ ਇੱਕ ਪ੍ਰਭਾਵ ਇਹ ਵੀ ਹੈ ਕਿ ਭਾਜਪਾ ਅੰਦਰ ਮੋਦੀ-ਸ਼ਾਹ ਜੋੜੀ ਕਮਜ਼ੋਰ ਪੈ ਜਾਵੇਗੀ ਅਤੇ ਅਸੀਂ ਉਸ 'ਤੇ ਨਜ਼ਰ ਮਾਰਦੇ ਹਾਂ। ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਪਾਰਟੀ ਦੇ ਅੰਦਰ ਕੀ ਹੋਵੇਗਾ?

ਕਈ ਅਰਥਾਂ 'ਚ ਭਾਜਪਾ ਵਿਲੱਖਣ ਹੈ, ਕਿਉਂਕਿ ਉਹ ਖੁਦ ਨੂੰ ਸਿਧਾਂਤਕ ਪਾਰਟੀ ਦੇ ਤੌਰ 'ਤੇ ਦੇਖਦੀ ਹੈ। ਇਸ ਦੀ ਤੁਲਨਾ ਵਿੱਚ ਕਾਂਗਰਸ ਕੋਲ ਕੋਈ ਅਸਲ ਵਿਚਾਰਧਾਰਾ ਨਹੀਂ ਹੈ। ਕਾਂਗਰਸ ਕਹਿ ਸਕਦੀ ਹੈ ਕਿ ਕਦਰਾਂ ਕੀਮਤਾਂ ਇਸ ਦੇ ਕੋਲ ਹਨ, ਮਿਸਾਲ ਵਜੋਂ ਧਰਮ ਨਿਰਪੱਖਤਾ ਜਾਂ ਇਸ ਦੇ ਕੋਲ ਕੁਝ ਨੀਤੀਆਂ ਹਨ, ਜਿਵੇਂ ਉਦਾਰੀਕਰਨ, ਪਰ ਇਸ ਕੋਲ ਕੋਈ ਸਥਾਈ ਮਾਨਤਾਵਾਂ ਨਹੀਂ ਹਨ ਅਤੇ ਇਸੇ ਨੂੰ ਵਿਚਾਰਧਾਰਾ ਜਾਂ ਸਿਧਾਂਤ ਕਹਿੰਦੇ ਹਨ।

ਬਹੁਜਨ ਸਮਾਜ ਪਾਰਟੀ (ਬਸਪਾ), ਸਮਾਜਵਾਦੀ ਪਾਰਟੀ (ਸਪਾ), ਤ੍ਰਿਣਮੂਲ ਕਾਂਗਰਸ ਅਤੇ ਬੀਜੂ ਜਨਤਾ ਦਲ ਆਦਿ ਵਰਗੀਆਂ ਕੋਲ ਵੀ ਕੋਈ ਵਿਸ਼ੇਸ਼ ਵਿਚਾਰਧਾਰਾ ਨਹੀਂ। ਸਮਾਜਵਾਦੀ ਪਾਰਟੀ ਖੁਦ ਨੂੰ ਲੋਹੀਆਵਾਦੀ ਕਹਿੰਦੀ ਹੈ, ਪਰ ਜ਼ਿਆਦਾਤਰ ਪਾਰਟੀ ਵਰਕਰਾਂ ਜਾਂ ਇੱਥੋਂ ਤੱਕ ਕਿ ਇਸ ਦੇ ਨੇਤਾਵਾਂ ਲਈ ਵੀ ਇਹ ਦੱਸ ਸਕਣਾ ਮੁਸ਼ਕਲ ਹੋਵੇਗਾ ਕਿ ਇਸ ਦਾ ਅਸਲ ਅਰਥ ਕੀ ਹੈ? ਕਮਿਊਨਿਸਟ ਕਹਿੰਦੇ ਹਨ ਕਿ ਉਨ੍ਹਾਂ ਕੋਲ ਮਾਰਕਸਵਾਦੀ ਜਾਂ ਲੈਨਿਨਵਾਦੀ ਵਿਚਾਰਧਾਰਾ ਹੈ, ਪਰ ਜਦੋਂ ਉਹ ਸੂਬੇ ਵਿੱਚ ਸੱਤਾ ਵਿੱਚ ਹੁੰਦੇ ਹਨ ਤਾਂ ਅਸਲ ਵਿੱਚ ਉਸ ਵਿਚਾਰਧਾਰਾ ਦਾ ਪ੍ਰਗਟਾਵਾ ਨਹੀਂ ਕਰ ਸਕਦੇ। ਕਾਂਗਰਸ ਦੀ ਅਗਵਾਈ ਵਾਲੀ ਯੂ ਡੀ ਐਫ ਸਰਕਾਰ ਦੇ ਅਧੀਨ ਕੇਰਲ ਕੋਈ ਵਿਸ਼ੇਸ਼ ਵੱਖਰਾ ਨਹੀਂ ਦਿਖਾਈ ਦਿੰਦਾ, ਜਿਵੇਂ ਮਾਰਕਸਵਾਦੀ ਦੀ ਅਗਵਾਈ ਵਿੱਚ ਐਲ ਡੀ ਐਫ ਸਰਕਾਰ ਦੇ ਸਮੇਂ ਵਿੱਚ ਸੀ।




ਭਾਜਪਾ ਦਾ ਦਾਅਵਾ ਹੈ ਕਿ ਉਸ ਕੋਲ ਇੱਕ ਉਚਿਤ ਵਿਚਾਰਧਾਰਾ ਹੈ ਅਤੇ ਉਹ ਇਸ ਵਿਚਾਰਧਾਰਾ ਨੂੰ ਹਿੰਦੂਤਵ ਕਹਿੰਦੀ ਹੈ। ਕੀ ਹੋਵੇਗਾ, ਜਦ ਪਾਰਟੀ ਕਮਜ਼ੋਰ ਹੋ ਰਹੀ ਹੈ, ਜਿਵੇਂ ਪਿਛਲੇ ਮਹੀਨਿਆਂ 'ਚ ਇਸ ਨਾਲ ਹੋਇਆ ਹੈ? ਸਾਨੂੰ ਆਸ ਦੇ ਕੁਝ ਨਤੀਜੇ ਹੋਣਗੇ। ਪਹਿਲਾ ਇਹ ਕਿ ਅਨਿਸ਼ਚਿਤਤਾ ਦੇ ਸਮੇਂ 'ਚ ਸਿਧਾਂਤਕ ਪਾਰਟੀਆਂ ਪਹਿਲੇ ਨਿਯਮਾਂ ਵੱਲ ਮੁੜ ਜਾਂਦੀਆਂ ਹਨ। ਭਾਜਪਾ ਦੇ ਮਾਮਲੇ ਵਿੱਚ ਇਸ ਦਾ ਅਰਥ ਇਹ ਹੋਇਆ ਕਿ ਪਾਰਟੀ ਉਹੀ ਕਥਾਨਕ ਬਣਾਈ ਰੱਖੇਗੀ, ਜਿਸ ਨੂੰ ਇਸ ਦੇ ਕੱਟੜ ਸਮਰਥਕ ਸਮਝਦੇ ਹਨ, ਭਾਵ ਮੰਦਰ, ਮੂਰਤੀਆਂ, ਮੁਸਲਿਮ ਤੇ ਗਊਆਂ। ਇਹੀ ਉਹ ਭਰੋਸੇਯੋਗ ਚੀਜ਼ਾਂ ਹਨ, ਜਿਨ੍ਹਾਂ ਉੱਤੇ ਪਾਰਟੀ ਨੂੰ ਯਕੀਨ ਹੈ ਅਤੇ ਇਨ੍ਹਾਂ ਨੂੰ ਲੈ ਕੇ ਪਾਰਟੀ ਦਾ ਰੁਖ਼ ਭਾਜਪਾ ਨੂੰ ਇਸ ਦੇ ਪ੍ਰਤੀਯੋਗੀਆਂ ਤੋਂ ਵੱਖਰਾ ਕਰਦਾ ਹੈ। ਇਸ ਦਾ ਨਤੀਜਾ ਇਹ ਹੈ ਕਿ ਇਹ ਲੀਡਰਸ਼ਿਪ ਨੂੰ ਸਿਖਰਾਂ ਵੱਲ ਖਿੱਚ ਕੇ ਲੈ ਜਾਵੇਗੀ। ਪਾਰਟੀ ਦੇ ਅੰਦਰ ਦੂਜੇ ਪੱਧਰ ਦੇ ਨੇਤਾ ਖੁਦ ਨੂੰ ਇਸ ਆਸ ਨਾਲ ਤਿਆਰ ਕਰਨਾ ਸ਼ੁਰੂ ਕਰ ਦੇਣਗੇ ਕਿ ਅਨਿਸ਼ਚਿਤਤਾ ਬਾਅਦ ਵਿੱਚ ਮੌਕੇ ਪੈਦਾ ਕਰੇਗੀ। ਅਜਿਹੇ ਹਾਲਤ 'ਚ ਮੋਦੀ ਅਤੇ ਸ਼ਾਹ ਜ਼ਿਆਦਾ ਅਸੁਰੱਖਿਅਤ ਹੋਣਗੇ। ਉਨ੍ਹਾਂ ਕੋਲ ਵਿਕਾਸ ਅਤੇ ਰਲੇਵੇਂ ਲਈ ਗੱਲ ਕਰਨ ਵਾਸਤੇ ਘੱਟ ਜਗ੍ਹਾ ਹੋਵੇਗੀ ਅਤੇ ਉਹ ਸੱਜੇ ਪਾਸੇ ਵਧਣਗੇ। ਇਹੋ ਕਾਰਨ ਹੈ ਕਿ 2014 ਦੇ ਮੁਕਾਬਲੇ ਇਸ ਵਾਰ ਅਸੀਂ ਇਨ੍ਹਾਂ ਚੀਜ਼ਾਂ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਣਾ ਨਹੀਂ ਦੇਖ ਰਹੇ। ਉਨ੍ਹਾਂ 'ਤੇ ਪਹਿਲਾਂ ਹੀ ਦਬਾਅ ਹੈ ਅਤੇ ਅਗਲੇ ਕੁਝ ਮਹੀਨਿਆਂ ਤੱਕ ਵਧਦਾ ਰਹੇਗਾ।

ਮੋਦੀ ਅਤੇ ਸ਼ਾਹ ਦੇ ਸੱਜੇ ਪਾਸੇ ਵਧਣ ਦੇ ਨਾਲ ਗਡਕਰੀ ਵਰਗੇ ਭਾਜਪਾ ਦੇ ਮੱਧ ਮਾਰਗੀ ਨੇਤਾਵਾਂ ਲਈ ਆਪਣੀ ਗੈਰ ਹਿੰਦੂਤਵ ਅਪੀਲ ਨੂੰ ਅੱਗੇ ਵਧਾਉਣ ਦੇ ਵੱਡੇ ਮੌਕੇ ਹੋਣਗੇ। ਇਸ ਤਰ੍ਹਾਂ ਅਸੁਰੱਖਿਆ ਦੋਵਾਂ ਧਿਰਾਂ ਵੱਲ ਹੋਵੇਗੀ। ਇਸ ਪਾਰਟੀ ਲਈ ਚੰਗਿਆਈ ਦੇ ਤੌਰ 'ਤੇ ਦੇਖਿਆ ਜਾ ਸਕਦਾ ਹੈ ਕਿਉਂਕਿ ਇਸ ਸਮੇਂ ਇਹ ਰਾਸ਼ਟਰੀ ਪੱਧਰ 'ਤੇ ਕਾਫੀ ਬੰਦ ਤੇ ਗੈਰ-ਜਮਹੂਰੀ ਹੈ, ਪਰ ਰਲੇਵਾਂ ਅਤੇ ਵਿਕਾਸ ਭਾਜਪਾ ਦੇ ਸਮੇਂ ਦੇ ਕੇਂਦਰ 'ਚ ਨਹੀਂ ਹਨ ਅਤੇ ਸਾਨੂੰ ਇਹ ਸਿੱਟਾ ਜ਼ਰੂਰ ਕੱਢਣਾ ਹੋਵੇਗਾ ਕਿ ਇਸ ਸਮੇਂ ਵਿੱਚ ਪੈਦਾ ਬਦਲਾਅ ਰੋਜ਼ਾਨਾ ਦੀਆਂ ਅਤੇ ਭੌਤਿਕਵਾਦੀ ਚੀਜ਼ਾਂ ਦੇ ਮੁਕਾਬਲੇ ਧਾਰਮਿਕ ਤੇ ਰਾਸ਼ਟਰਵਾਦੀ ਚੀਜ਼ਾਂ 'ਚ ਜ਼ਿਆਦਾ ਦਿਖਾਈ ਦੇਵੇਗਾ।

ਕਿਉਂਕਿ ਗਠਜੋੜ ਬਣਾਏ ਜਾ ਰਹੇ ਹਨ ਤੇ ਉਨ੍ਹਾਂ ਦੇ ਐਲਾਨ ਹੋ ਰਹੇ ਹਨ ਤੇ ਜਨਮਤ ਸਰਵੇਖਣਾਂ ਦੇ ਨਤੀਜੇ ਇਸ ਰੂਪ ਰੇਖਾ ਨੂੰ ਬਣਾਈ ਰੱਖਣਗੇ। ਮੋਦੀ ਲਈ ਸਥਾਨ ਸੁੰਗੜਦਾ ਅਤੇ ਸੱਜੇ ਪਾਸੇ ਖਿਸਕਣਾ ਜਾਰੀ ਰਹੇਗਾ।


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



ਜ਼ਰੂਰ ਜਾਣੋ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

# ਮੰਗਣ ਗਿਆ ਵੋ ਮਰ ਗਿਆ ਮੰਗਣ ਮੂਲ ਨਾ ਜਾਇ।

ਅਜੀਤ ਸਿੰਘ ਰੱਖੜਾ
905 794 7882



ਮੰਗਣ ਦਾ ਕਿਤਾ ਦੁਨੀਆ ਦੇ ਤਕਰੀਬਨ ਸਭ ਮੁਲਕਾਂ ਵਿਚ ਪਾਇਆ ਜਾਂਦਾ ਹੈ। ਹਰ ਮੁਲਕ ਵਿਚ ਕੁਝ ਐਸੇ ਲੋਕ ਹਨ ਜੋ ਮੰਗਕੇ ਜੀਵਨ ਨਿਰਭਾਅ ਕਰਦੇ ਹਨ। ਇਨ੍ਹਾ ਵਿਚੋਂ ਬਹੁਤੇ ਅਪੰਗ ਜਾਂ ਉਨ੍ਹਾ ਦਾ ਕੋਈ ਘਰ ਘਾਟ ਨਹੀਂ ਹੁੰਦਾ। ਐਸੇ ਲੋਕਾਂ ਉਪਰ ਤਰਸ ਖਾਕੇ ਧਾਰਮਿਕ ਪ੍ਰਵਿਰਤੀ ਦੇ ਲੋਕ ਉਨ੍ਹਾ ਦੇ ਠੂਠੇ ਵਿਚ ਕੁਝ ਪਾ ਦੇਂਦੇ ਹਨ। ਇਵਜ਼ ਵਿਚ ਮੰਗਤੇ ਦਾਨ ਦੇਣ ਵਾਲੇ ਨੂੰ ਵਡੀ ਉਮਰ ਲਈ ਜਾਂ 'ਰੱਬ ਬਹੁਤਾ ਦੇਵੇ' ਵਰਗੀਆਂ ਅਸੀਸਾਂ ਦੇਂਦੇ ਹਨ। ਦੁਨੀਆ ਭਰ ਵਿਚ ਸਭ ਤੋਂ ਵਧ ਮੰਗਤੇ ਭਾਰਤ ਵਿਚ ਹਨ, ਯ਼ਾਨੀ 4 ਲੱਖ ਤੋਂ ਵੀ ਵਧ ਅਤੇ ਭਾਰਤ ਵਿਚ ਸਭ ਤੋਂ ਜ਼ਿਆਦਾ, ਪਛਮੀ ਬੰਗਾਲ ਵਿਚ ਹਨ, ਕੋਈ 81000 ਤੋਂ ਵਧ। ਜਿਤਨਾ ਕੋਈ ਮੁਲਕ ਧਰਮੀ ਹੈ ਉਤਨੇ ਜ਼ਿਆਦਾ ਮੰਗਤੇ ਉਸ ਮੁਲਕ ਵਿਚ ਮਿਲਦੇ ਹਨ। ਦੁਨੀਆ ਦੇ ਬਹੁਤੇ ਮੁਲਕਾਂ ਵਿਚ ਮੰਗਣਾ ਗੁਨਾਹ ਹੈ। ਖਾਸ ਕਰਕੇ ਤਰੱਕੀ ਯਾਫਤਾ ਮੁਲਕਾਂ ਵਿਚ। ਜਿਨ੍ਹਾ ਮੁਲਕਾ ਵਿਚ ਟੂਰਿਜ਼ਮ ਇਕ ਇੰਡਸਟਰੀ ਹੈ, ਉਥੋਂ ਦੀਆ ਸਰਕਾਰਾ ਮੰਗਣ ਵਿਰੁਧ ਰੋਕਾਂ ਲਗਾਉਂਦੀਆ ਹਨ ਤਾਂ ਜੋ ਵਿਦੇਸ਼ੀ ਆਏ ਲੋਕ ਮੂਲਿਕ ਵਸ਼ਿੰਦਿਆਂ ਨੂੰ ਗ੍ਰੀਬ ਨਾ ਆਖਣ ਜਾਂ ਮੰਗਤੇ ਉਨ੍ਹਾ ਨੂੰ ਪ੍ਰੇਸ਼ਾਨ ਨਾ ਕਰਨ। ਇਸ ਖਿਆਲ ਨਾਲ ਭਾਰਤ ਦੇ ਦੋ ਵਡੇ ਸ਼ਹਿਰਾਂ (ਦਿਲੀ ਅਤੇ ਬੰਬਈ) ਵਿਚ ਵੀ ਮੰਗਣ ਖਿਲਾਫ ਕਨੂੰਨ ਬਣੇ ਹਨ। ਸਭ ਤੋਂ ਘਟ ਮੰਗਤਿਆਂ ਵਾਲੇ ਮੁਲਕਾਂ ਵਿਚ ਜਪਾਨ ਅਤੇ ਸਿੰਘਾਪੁਰ ਦੇ ਨਾਮ ਆਉਂਦੇ ਹਨ। ਦੂਸਰੇ ਸ਼ਬਦਾ ਵਿਚ ਅਮੀਰ ਅਤੇ ਸਵੈਮਾਣ ਵਾਲੇ ਦੇਸ਼ਾ ਵਿਚ ਮੰਗਣ ਨੂੰ ਘਿਰਨਾ ਯੋਗ ਵਰਤਾਰਾ ਗਿਣਿਆ ਜਾਂਦਾ ਹੈ।

ਮੰਗਣ ਦਾ ਕਿਤਾ ਜਦ ਤੋਂ ਇਤਹਾਸ ਜਾਗਰੂਕ ਹੈ ਤਦ ਤੋਂ ਹੀ ਪ੍ਰਚਲਤ ਹੈ। ਇਨਸਾਨ ਦਾ ਆਪਸੀ ਪ੍ਰੇਮ ਅਤੇ ਸਹਿਯੋਗ ਇਸ ਦੀ ਜੜ੍ਹ ਹਨ। ਜੰਗਲਾਂ ਵਿਚ ਤਪਸਿਆ ਕਰਨ ਵਾਲੇ ਸਾਧੂ ਸੰਤ ਮੰਗਕੇ ਜੀਵਨ ਬਤੀਤ ਕਰਦੇ ਸਨ। ਇਵਜ਼ ਵਿਚ ਉਹ ਲੋਕਾਂ ਨੂੰ ਨੇਕ ਮਸ਼ਵਰੇ ਅਤੇ ਸਲਾਹਾ ਦਿਆ ਕਰਦੇ ਸਨ। ਇਕ ਨੇਕ ਇਨਸਾਨ ਚੰਗੇ ਕੰਮਾਂ ਨੂੰ ਉਤਸ਼ਾਹ ਦੇਣ ਖਾਤਰ ਹਮੇਸ਼ਾ ਦੂਸਰਿਆ ਨੂੰ ਕੁਝ ਦਾਨ ਦੇਕੇ ਸੰਤੁਸ਼ਟੀ ਮਹਿਸੂਸ ਕਰਦਾ ਹੈ ਤਾਂ ਜੋ ਉਹ ਹੋਰ ਚੰਗੇ ਕੰਮ ਕਰਦੇ ਰਹਿਣ। ਅਪਾਹਜ ਲੋਕਾਂ ਲਈ ਹਰ ਹਿਰਦੇ ਵਿਚ ਸਾਹਨਭੂਤੀ ਜਾਗਦੀ ਹੈ, ਫਲਸਰੂਪ ਮਦਤ ਕਰਨ ਲਈ ਦਿਲ ਕਰ ਆਉਂਦਾ ਹੈ। ਬੰਦੇ ਦੀ ਇਸ ਚੰਗੀ ਫਿਤਰਤ ਨੇ ਮੰਗਣ ਦੇ ਕਿਤੇ ਨੂੰ ਜਨਮ ਦਿਤਾ ਸੀ। ਅਜ, ਦੁਨੀਆ ਭਰ ਵਿਚ ਬਹੁਤ ਸਾਰੇ ਵਡੇ ਕਾਰੋਬਾਰ ਲੋਕਾਂ ਦੇ ਦਿਤੇ ਦਾਨ ਨਾਲ ਚਲ ਰਹੇ ਹਨ। ਰੈਡ ਕਰਾਸ, ਲਾਇਨਜ਼ ਕਲੱਬ ਅਤੇ ਰੋਟਰੀ ਕਲੱਬਾਂ ਵਰਗੇ ਵਡੇ ਅਦਾਰੇ ਸਥਾਪਤ ਹੋ ਚੁਕੇ ਹਨ। ਵਿਕਾਸਸ਼ੀਲ ਮੁਲਕਾਂ ਵਿਚ ਵੀ ਚੈਰਟੀ ਨੂੰ ਬੜਾਵਾ ਦਿਤਾ ਜਾਂਦਾ ਹੈ। ਅਮਰੀਕਾ ਅਤੇ ਕਨੇਡਾ ਵਰਗੇ ਅਤੀ ਅਮੀਰ ਮੁਲਕਾਂ ਵਿਚ ਵੀ ਐਜੁਕੇਸ਼ਨ ਮੈਡੀਕਲ ਅਤੇ ਕਈ ਹੋਰ ਰੀਸਰਚ ਅਦਾਰੇ ਲੋਕਾਂ ਦੇ ਦਿਤੇ ਦਾਨ ਨਾਲ ਚਲ ਰਹੇ ਹਨ। ਦਾਨ ਲੈਣ ਵਾਲੇ ਅਦਾਰੇ ਜਾਂ ਭਿਖਾਰੀਆਂ ਵਿਚ ਮੂਲਿਕ ਤੌਰ ਉਪਰ ਕੋਈ ਫਰਕ ਨਹੀ ਹੈ ਪਰ ਅਰਥਾ ਵਿਚ ਬਹੁਤ ਵਡਾ ਫਰਕ ਹੈ। ਮੰਗਤੇ ਆਪਣਾ ਢਿਡ ਭਰਨ ਲਈ ਦਾਨ ਮੰਗਦੇ ਹਨ ਪਰ ਲੋਕ ਅਦਾਰੇ ਲੋਕ ਭਲਾਈ ਦੇ ਕਾਰਜ ਕਰਨ ਲਈ ਮਾਇਆ ਇਕੱਤਰ ਕਰਦੇ ਹਨ। ਚੈਰਿਟੀ ਅਦਾਰੇ ਇਜ਼ਤ ਰਖਵਾਉਂਦੇ ਹਨ ਅਤੇ ਮੰਗਤੇ ਹੀਣਤਾ ਦਾ ਆਭਾਸ ਸਮਾਜ ਵਿਚ ਪੈਦਾ ਕਰਦੇ ਹਨ। ਭਾਵੇਂ ਬਹੁਤੇ ਮੁਲਕਾਂ ਵਿਚ ਮੰਗਣ ਖਿਲਾਫ ਕਨੂੰਨ ਬਣੇ ਪਏ ਹਨ ਪਰ ਇਸ ਕਨੂੰਨ ਦੀ ਇਨਫੋਰਸਮੈਂਟ ਐਡੀ ਜਿਆਦਾ ਨਹੀਂ ਹੈ, ਕਾਰਣ ਫਿਰ ਉਹੀ ਹੈ ਕਿ ਇਹ ਕਿਤਾ ਇਨਸਾਨੀ ਰੂਹ ਦੀ ਸੰਵੇਦਨਸ਼ੀਲਤਾ ਮੁਤਾਬਿਕ ਕੋਈ ਐਡਾ ਵਡਾ ਗੁਨਾਹ ਨਹੀਂ ਹੈ। ਫਲਸਰੂਪ ਹਰ ਵਡੇ ਅਤੇ ਅਮੀਰ ਮੁਲਕ ਵਿਚ ਮੰਗਤੇ ਮਿਲਦੇ ਹਨ।

ਮੰਗਣ ਨਾਲ ਇਨਸਾਨੀ ਰੂਹ ਵਿਚ ਇਕ ਸਵੈਹੀਣਤਾ ਉਗਦੀ ਹੈ। ਬੰਦਾ ਆਪਣੇ ਆਪ ਵਿਚ ਇਕ ਵਿਚਾਰਗੀ ਮਹਿਸੂਸ ਕਰਦਾ ਹੈ। ਜਦ ਇਕ ਚੰਗਾ ਭਲਾ ਬੰਦਾ ਜੋ ਰਿਸ਼ਟਪੁਸ਼ਟ ਹੈ ਪਰ ਮੰਗਕੇ ਖਾਦਾ ਹੋਵੇ ਤਾਂ ਵੇਖਣ ਵਾਲੇ ਨੂੰ ਬਹੁਤ ਬੁਰਾ ਲਗਦਾ ਹੈ। ਇਸੇ ਮਨੋ ਵਿਗਿਆਨ ਕਾਰਣ ਬਣਾਵਟੀ ਮੰਗਤੇ ਦੂਸਰਿਆ ਲਈ ਸਿਰਦਰਦੀ ਦਾ ਕਾਰਣ ਬਣਦੇ ਹਨ। ਦਰਅਸਲ ਮੰਗਣ ਕਿਤੇ ਦੀ ਦੁਰਵਰਤੋਂ ਜਾਂ ਅਬਿਊਜ਼ ਕਰਨ ਵਾਲੇ ਲੋਕ ਹੀ ਸਰਕਾਰਾਂ ਨੂੰ ਕਨੂੰਨ ਬਣਾਉਣ ਲਈ ਮਜਬੂਰ ਕਰਦੇ ਹਨ। ਸ਼ਹਿਰਾ ਕਸਬਿਆ ਵਿਚ ਐਸੇ ਮੰਗਤਿਆਂ ਨੂੰ ਵੇਖ ਦੁਕਾਨਦਾਰ ਦੂਰੋ ਹਥ ਜੋੜ ਦੇਂਦੇ ਹਨ। ਜਾਂ ਕਹਿ ਦੇਣਗੇ 'ਮੁਆਫ ਕਰੋ ਜੀ'। ਸਵੈਮਾਣ ਵਾਲੀਆ ਕੌਮਾਂ ਆਪਣੇ ਮੈਂਬਰਾਂ ਨੂੰ ਇਹ ਕਿਤਾ ਅਪਨਾਉਣ ਤੋਂ ਵਰਜਦੀਆ ਹਨ। ਦੁਨੀਆ ਵਿਚ ਸਰਦਾਰ ਲੋਕਾਂ ਬਾਰੇ ਮਸ਼ਹੂਰ ਹੈ ਕਿ ਇਹ ਲੋਕ ਮਰ ਜਾਣਗੇ ਪਰ ਕਿਸੇ ਅਗੇ ਹਥ ਨਹੀਂ ਅਡਣਗੇ। ਸਿੱਖ ਗੁਰੂਆ ਨੇ ਬਾਣੀ ਵਿਚ ਕਿਰਤ ਕਰਕੇ ਜੀਵਨ ਜੀਓਣ ਦਾ ਸੁਨੇਹਾ ਦਿਤਾ ਹੈ ਅਤੇ ਮੰਗਣ ਨੂੰ ਬੁਰਾ ਕਿਹਾ ਹੈ। ਵਾਰਿਸ ਸ਼ਾਹ ਦੀ ਸੰਸਾਰ ਪ੍ਰਸਿੱਧ ਟੂਕ ਕਹਿੰਦੀ ਹੈ 'ਮੰਗਣ ਗਿਆ ਸੋ ਮਰ ਗਿਆ ਮੰਗਣ ਮੂਲਿ ਨਾ ਜਾਏ'।

ਜਦ ਭਾਰਤ ਅਜਾਦ ਹੋਇਆ ਸੀ ਤਾਂ ਕੌਮਨਿਸਟ ਲਹਿਰ ਬਹੁਤ ਸਰਗਰਮ ਹੋਈ ਸੀ। ਮਜ਼ਦੂਰ ਜਿੰਦਾਬਾਦ ਦੇ ਨਾਹਰੇ ਬੜੇ ਮਕਬੂਲ ਹੋਏ ਸਨ। ਦਾਤੀ ਅਤੇ ਹਥੌੜੇ ਦੇ ਨਿਸ਼ਾਨ ਵਾਲੇ ਲਾਲ ਝੰਡੇ ਲੋਕ ਚੁਕੀ ਫਿਰਦੇ ਸਨ। ਜਗਾਹ ਜਗਾਹ ਫੈਕਟਰੀਆਂ ਅਤੇ ਕਾਰੋਬਾਰੀ ਅਦਾਰੇ ਇਸ ਲਹਿਰ ਦਾ ਸ਼ਿਕਾਰ ਬਣੇ ਸਨ। 'ਚੱਕਾ ਜਾਮ ਕਰ ਦਿਆਗੇ' 'ਦੇਸ਼ ਭਰਦੇ ਮਜਦੂਰੋ ਏਕ ਹੋ ਜਾਓ' ਵਰਗੇ ਨਾਹਰਿਆਂ ਤੋਂ ਮਾਲਕ ਲੋਕ ਡਰਨ ਲਗ ਪਏ ਸਨ। ਵੋਟ ਰਾਜ ਹੋਣ ਕਾਰਣ ਸਰਕਾਰਾਂ ਰਾਹੀਂ ਟਰੇਡ ਯੂਨੀਅਨਜ਼ ਦੀਆਂ ਡੀਮਾਂਡਾ ਪੂਰੀਆ ਕਰਨ ਲਈ ਅਦਾਰਿਆ ਦੇ ਮਾਲਕਾਂ ਨੂੰ ਮੰਗਾਂ ਮੰਨ ਜਾਣ ਲਈ ਪ੍ਰੈਸ਼ਰ ਪਾਇਆ ਜਾਂਦਾ ਸੀ। ਫਲਸਰੂਪ ਇਹ ਵਰਤਾਰਾ ਐਡਾ ਕਾਮਨ ਹੋ ਗਿਆ ਕਿ ਫਿਰ ਸਰਕਾਰਾਂ ਨੂੰ ਇਸ ਭੈੜੀ ਬੀਮਾਰੀ ਦੇ ਖਿਲਾਫ ਸਖਤ ਹੋਣਾ ਪਿਆ ਸੀ। ਉਨ੍ਹਾ ਦਿਨਾ ਵਿਚ ਜਦ ਯੂਨੀਅਨ ਦੀ ਹੜਤਾਲ ਕਾਰਣ ਡੀਮਾਂਡ ਪੂਰੀ ਹੋ ਜਾਂਦੀ ਸੀ ਤਾਂ ਲੀਡਰਾਂ ਦੀ ਬੜੀ ਬੱਲੇ ਬੱਲੇ ਹੋ ਜਾਂਦੀ ਸੀ। ਮਜ਼ਦੂਰ ਲੋਕ ਆਪਣੇ ਪ੍ਰਧਾਨ ਦਾ ਨਾਮ ਲੈਕੇ ਜਿੰਦਾਬਾਦ ਦੇ ਨਾਹਰੇ ਲਗਾਉਂਦੇ ਸਨ। ਇਕ ਡੀਮਾਂਡ ਮੰਨੇ ਜਾਣ ਦੇ ਕੁਝ ਦੇਰ ਬਾਅਦ ਕੋਈ ਹੋਰ ਡੀਮਾਂਡ ਖੜੀ ਕਰ ਲਈ ਜਾਂਦੀ ਸੀ। ਫਲਸਰੂਪ ਜਗਾਹ ਜਗਾਹ ਕੌਮਨਿਸਟ ਲੀਡਰ ਪੈਦਾ ਹੋ ਗਏ। ਉਨ੍ਹਾ ਦਾ ਕੰਮ ਚੰਗੇ ਭਲੇ ਚਲਦੇ ਅਦਾਰਿਆ ਵਿਚ ਘੁਸਪੈਠ ਕਰਕੇ ਮਜ਼ਦੂਰਾ ਨੂੰ ਭੜਕਾਕੇ ਹੜਤਾਲ ਕਰਾਉਣਾ ਬਣ ਗਿਆ ਸੀ। ਇਸੇ ਤਰਾਂਹ ਦੀ ਹਵਾ ਕਾਰਣ ਪੰਜਾਬ ਵਿਚ ਮਾਸਟਰਾਂ ਨੇ ਹੜਤਾਲਾਂ ਕਰ ਕਰਕੇ ਅਕਾਲੀ ਸਰਕਾਰਾਂ ਕੋਲੋਂ ਤਨਖਾਹਾ ਐਡੀਆਂ ਵਧਵਾ ਲਈਆ ਕਿ ਸਰਕਾਰ ਦੇ ਖਜਾਨੇ ਖਾਲੀ ਹੋਣੇ ਸ਼ੁਰੂ ਹੋ ਗਏ। ਫਲਸਰੂਪ ਸਰਕਾਰ ਨੇ ਰੈਗੂਲਰ ਮਾਸਟਰ ਭਰਤੀ ਕਰਨੇ ਹੀ ਬੰਦ ਕਰ ਦਿਤੇ। ਇਸੇ ਤਰ੍ਹਾ ਫੈਕਟਰੀਆ ਦੀਆ ਹੜਤਾਲਾਂ ਨੂੰ ਫਿਹਲ ਕਰਨ ਲਈ ਸਰਕਾਰਾਂ ਦਾ ਸਹਿਯੋਗ ਮਿਲਣ ਲਗ ਪਿਆ। ਜਿਸ ਅਦਾਰੇ ਵਿਚ ਵੀ ਯੂਨੀਅਨ ਬਣਦੀ ਸੀ ਯੂਨੀਅਨ ਦੇ ਲੀਡਰ ਸਾਰੀ ਦਿਹਾੜੀ ਵਿਚ ਡੱਖਾ ਨਹੀਂ ਸੀ ਤੋੜਦੇ। ਸਿਰਫ ਮਜ਼ਦੂਰਾਂ ਨੂੰ ਉਲਟੀ ਪੱਟੀ ਪੜਾਊਣ ਵਿਚ ਸਮਾ ਬਰਬਾਦ ਕਰਦੇ ਸਨ। ਸਮੇ ਨਾਲ ਕੌਮਨਿਸਟ ਜਮਾਤ ਐਡੀ ਬਦਨਾਮ ਹੋ ਗਈ ਕਿ ਲੀਡਰਾਂ ਨੂੰ ਲੋਕ ਮੂੰਹ ਲਗਾਉਣੋ ਹਟ ਗਏ। ਕਾਰਣ ਕਿ ਇਹ ਲੋਕ ਸਿਵਾਏ ਜਨਤਾ ਨੂੰ ਪੁਠੇ ਕੰਮਾ ਲਈ ਉਕਸਾਉਣ ਦੇ ਹੋਰ ਕੁਝ ਜਾਣਦੇ ਹੀ ਨਹੀਂ।

ਕਿਓਂਕਿ ਯੂਨੀਅਨਜ਼ ਬਾਰੇ ਅਧਿਕਾਰਤ ਕਨੂੰਨ ਬਣ ਚੁਕੇ ਸਨ ਜਿਸ ਕਾਰਣ ਯੂਨੀਅਨਜ਼ ਨੂੰ ਤੋੜਨ ਦਾ ਕੋਈ ਵਸੀਲਾ ਨਹੀਂ ਸੀ ਬਚਿਆ, ਪਰ ਉਨ੍ਹਾ ਨੂੰ ਫਿਹਲ ਕਰਨ ਦੇ ਸਾਰੇ ਹਥ ਕੰਡੇ ਸਰਕਾਰਾਂ ਵਲੋਂ ਵਰਤੇ ਗਏ ਸਨ। ਤੁਸੀਂ ਹੈਰਾਨ ਹੋਵੋਂਗੇ ਕਿ ਕਨੇਡਾ ਵਿਚ ਸਭ ਜਗਾਹ ਯੂਨੀਅਨਜ਼ ਨੂੰ ਵੈਲਕਮ ਕੀਤਾ ਜਾਂਦਾ ਹੈ ਪਰ ਕਿਸੇ ਯੂਨੀਅਨ ਵਲੋਂ ਕੀਤੀ ਗਈ ਹੜਤਾਲ ਬਹੁਤ ਘਟ ਕਾਮਯਾਬ ਹੋਣ ਦਿਤੀ ਜਾਂਦੀ ਹੈ। ਸੁਣਿਆ ਜਾਂਦਾ ਹੈ ਕਿ ਯੂਨੀਅਨ ਲੀਡਰ ਉਗਰਾਹੇ ਜਾਂਦੇ ਚੰਦੇ ਨਾਲ ਐਸ਼ਾ ਕਰਦੇ ਹਨ ਅਤੇ ਸਰਕਾਰਾਂ ਨਾਲ ਰਲਕੇ ਕੰਮ ਕਰਦੇ ਹਨ। ਸਰਕਾਰਾਂ ਵੈਸੇ ਹੀ ਕਰਮਚਾਰੀਆ ਦਾ ਬਥੇਰਾ ਖਿਆਲ ਰਖਦੀਆਂ ਹਨ। ਕਨੇਡਾ ਦੀ ਅੰਟਾਰੀਓ ਲਿਬਰਲ ਸਰਕਾਰ ਨੇ ਦੋ ਸਾਲ ਪਹਿਲਾਂ ਹੀ ਦਸ ਦਿਤਾ ਸੀ ਕਿ 2018 ਵਿਚ ਆਵਰਲੀ ਰੇਟ 14 ਡਾਲਰ ਅਤੇ 2019 ਵਿਚ 15 ਡਾਲਰ ਕਰ ਦਿਤੇ ਜਾਣਗੇ। ਹੁਣ ਕਨਜ਼ਰਵੇਟਿਵ ਇਸ ਨੂੰ ਰੋਕ ਦੇਣ ਦੀ ਕੋਸ਼ਿਸ਼ ਵਿਚ ਹਨ। ਅਖੇ ਇਸ ਨਾਲ ਮਹਿੰਗਾਈ ਵਧੇਗੀ। ਰੂਸ ਦੇ ਪ੍ਰਭਾਵ ਨਾਲ ਬਣੇ ਕੌਮੋਨਿਸਟਾਂ ਦੀ ਰਹਿੰਦ ਖੂੰਧ ਅਮਰੀਕਾ ਕਨੇਡਾ ਵਿਚ ਵੀ ਪਹੁੰਚ ਚੁਕੀ ਹੈ। ਉਹ ਲੋਕ ਇਸ ਗਲ ਦੇ ਕਾਇਲ ਹਨ ਕਿ 'ਜਦ ਤਕ ਰੋਵੋ ਨਾ ਮਾਂ ਦੁਧ ਨਹੀਂ ਦੇਂਦੀ'। ਆਪਣੀ ਬਣ ਚੁਕੀ ਭੈੜੀ ਫਿਤਰਤ ਕਾਰਣ ਉਹ 'ਲੀਡਰੀ' ਇਸੇ ਵਿਚ ਗਿਣਦੇ ਹਨ ਕਿ ਸਰਕਾਰਾਂ ਅਗੇ ਡੀਮਾਂਡਾ ਪੈਦਾ ਕਰੋ ਤਾਂ ਲੋਕ ਵਧੇਰੇ ਖੁਸ਼ ਰਹਿੰਦੇ ਹਨ ਅਤੇ ਉਨ੍ਹਾ ਦੀ ਲੀਡਰੀ ਚਮਕਦੀ ਹੈ। ਅਸਲ ਵਿਚ ਅਜ ਦਾ ਕਨੇਡੀਅਨ ਤੰਤਰ ਵੈਸੇ ਹੀ ਇਤਨਾ ਉਦਾਰ ਹੈ ਕਿ ਹਰ ਸਹੂਲਤ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਭ ਨੂੰ ਪਤਾ ਹੈ ਕਿ ਵੋਟਾਂ ਲੈਣ ਖਾਤਰ ਲੋਕਾਂ ਦਾ ਖਿਆਲ ਰਖਣਾ ਅਵਸ਼ਿਕ ਹੈ। ਕਨੇਡਾ ਵਿਚ ਬਜ਼ੁਰਗਾ ਲਈ ਸਰਕਾਰਾਂ ਨੇ ਪਹਿਲੋਂ ਹੀ ਐਨਾ ਕੁਝ ਦੇ ਰਖਿਆ ਹੈ ਕਿ ਗ੍ਰੀਬ ਮੁਲਕਾਂ ਵਿਚੋਂ ਆਏ ਕੌਮਨਿਸਟਾਂ ਨੇ ਕਦੇ ਸੋਚਿਆ ਤਕ ਨਹੀਂ ਹੋਵੇਗਾ। ਅਜਿਹੇ ਮੁਲਕਾਂ ਵਿਚ ਆਕੇ ਵੀ ਵਿਅਰਥ ਕਿਸਮ ਦੀਆਂ ਡੀਮਾਂਡਾ ਖੜੇ ਕਰੀ ਜਾਣਾ ਸਿਵਾਏ ਸਮਾਜਕ ਹੀਣਤਾ ਪੈਦਾ ਕਰਨ ਤੋਂ ਹੋਰ ਕੁਝ ਨਹੀਂ ਹੈ। ਕਨੇਡਾ ਵਿਚ ਇਹ ਕੁਝ ਕਰਨਾ ਆਪਣੀ ਕੌਮ ਅਤੇ ਆਪਣੇ ਮੁਲਕ ਦਾ ਨਾਮ ਬਦਨਾਮ ਕਰਨ ਤੁਲ ਹੈ।

# ਗੋਹੇ-ਕੂੜੇ ਦੀ ਮਹਿਕ

-ਪਰਮਜੀਤ ਕੁਠਾਲਾ-


Eh Mera Punjab | Fac

ਗਲੀ ਵਿੱਚ ਰੌਲਾ ਸੁਣ ਕੇ ਮੈਂ ਬਾਹਰ ਦੇਖਿਆ। ਵੱਡੇ ਲਾਣੇ ਵਾਲਿਆਂ ਦੀ ਤਾਈ ਬਿਸ਼ਨ ਕੌਰ ਗੁਆਂਢੀਆਂ ਦੇ ਦਰਾਂ ਵਿੱਚ ਖੜੀ ਮੰਦਾ ਚੰਗਾ ਬੋਲ ਰਹੀ ਸੀ। 'ਤਾਈ ਜੀ, ਭਲਾਂ ਐਵੇਂ ਗਰੀਬਾਂ ਨਾਲ ਕਿਉਂ ਲੜੀ ਜਾਨੀ ਐ? ਆ ਜੋ।' ਮੈਂ ਉਸ ਨੂੰ ਹਾਕ ਮਾਰ ਕੇ ਆਪਣੇ ਘਰ ਬੁਲਾ ਲਿਆ। ਕਈ ਵਰ੍ਹਿਆਂ ਤੋਂ ਪਸ਼ੂਆਂ ਦਾ ਇਲਾਜ ਕਰਦਾ ਹੋਣ ਕਰਕੇ ਉਹ ਮੇਰੀ ਕਾਫੀ ਇੱਜ਼ਤ ਕਰਦੀ ਸੀ।

'ਪੁੱਤ ਤੈਨੂੰ ਨੀਂ ਪਤਾ, ਮੁੰਡਾ ਫੌਜ ਵਿੱਚ ਕਾਹਦਾ ਭਰਤੀ ਹੋ ਗਿਆ, ਇਹਦਾ ਤਾਂ ਡਮਾਕ ਹੀ ਅਸਮਾਨੀ ਚੜ੍ਹ ਗਿਐ। ਅਖੇ, ਮੈਂ ਨੀਂ ਹੁਣ ਕੰਮ ਕਰਨਾ।' ਤਾਈ ਨੇ ਗਾਤਰੇ ਪਾਈ ਕ੍ਰਿਪਾਨ ਸੰਭਾਲਦਿਆਂ ਘਰਾਂ 'ਚੋਂ ਮੇਰੀ ਚਾਚੀ ਲੱਗਦੀ ਗੁਆਂਢਣ ਦਲੀਪੋ ਖਿਲਾਫ ਭੜਾਸ ਕੱਢੀ।

ਚਾਚੀ ਦਹਾਕਿਆਂ ਤੋਂ ਪਿੰਡ 'ਚ ਤੇਰ੍ਹਵੀਂ ਵਾਲਿਆਂ ਦੇ ਲਾਣੇ ਸਮੇਤ ਜ਼ਿਮੀਂਦਾਰਾਂ ਦੇ ਕਈ ਘਰੀਂ ਗੋਹਾ ਕੂੜਾ ਕਰਕੇ ਟੱਬਰ ਪਾਲ ਰਹੀ ਸੀ। ਸੀਰੀ ਰਲਦੇ ਉਸ ਦੇ ਘਰ ਵਾਲੇ ਚਾਚੇ ਜੈਲੇ ਦੀ ਦਸ ਪੰਦਰਾਂ ਸਾਲ ਪਹਿਲਾਂ ਮੋਟਰ ਦੀ ਖੂਹੀ ਵਿੱਚ ਗੈਸ ਚੜ੍ਹਨ ਨਾਲ ਮੌਤ ਹੋ ਗਈ ਸੀ। ਚਾਚੀ ਨੇ ਗੋਹਾ ਕੂੜਾ ਕਰਕੇ ਸਕੂਲ ਪੜ੍ਹਦੇ ਦੋਵੇਂ ਧੀਆਂ ਅਤੇ ਪੁੱਤ ਨੂੰ ਬਾਰਵੀਂ ਤੱਕ ਪੜ੍ਹਾਇਆ। ਸਕੂਲ ਜਾਣ ਤੋਂ ਪਹਿਲਾਂ ਧੀਆਂ ਆਪਣੀ ਮਾਂ ਨਾਲ ਇਕ ਦੋ ਘਰਾਂ ਦਾ ਕੰਮ ਕਰਵਾ ਜਾਂਦੀਆਂ। ਸਕੂਲੋਂ ਆ ਕੇ ਤਿੰਨੇ ਭੈਣ ਭਰਾ ਮਾਂ ਨਾਲ ਖੇਤਾਂ ਵਿੱਚੋਂ ਕੱਖ ਲੈਣ ਜਾਂਦੇ। ਇਉਂ ਚਾਚੀ ਹਰ ਸਾਲ ਇਕ ਦੋ ਮੱਝਾਂ ਪਾਲ ਕੇ ਵੇਚ ਦਿੰਦੀ। ਦਿਨ ਰਾਤ ਮਿਹਨਤ ਮੁਸ਼ੱਕਤ ਕਰਕੇ ਉਹਨੇ ਦੋਵੇਂ ਧੀਆਂ ਵਿਆਹ ਦਿੱਤੀਆਂ। ਬਾਰਾਂ ਜਮਾਤਾਂ ਪਾਸ ਮੁੰਡਾ ਕੁਝ ਮਹੀਨੇ ਪਹਿਲਾਂ ਫੌਜ ਵਿੱਚ ਭਰਤੀ ਹੋ ਗਿਆ। ਭਰਤੀ ਹੋ ਗਏ ਪੁੱਤ ਦਾ ਚਾਅ ਚਾਚੀ ਨੂੰ ਜਿਵੇਂ ਬੀਤੀ ਜ਼ਿੰਦਗੀ ਦੇ ਸਾਰੇ ਦੁੱਖ ਦਰਦ ਭੁਲਾ ਗਿਆ। ਉਸ ਨੇ ਅੱਜ ਸਾਰੇ ਘਰਾਂ ਨੂੰ ਗੋਹੇ ਕੂੜੇ ਤੋਂ ਜਵਾਬ ਦੇ ਦਿੱਤਾ ਸੀ।

ਭਰੀ ਪੀਤੀ ਬੈਠੀ ਤਾਈ ਬਿਸ਼ਨ ਕੌਰ ਨੂੰ ਸ਼ਾਂਤ ਕਰਦਿਆਂ ਮੈਂ ਬੈਠ ਕੇ ਗੱਲ ਕਰਨ ਦੀ ਸਲਾਹ ਦਿੱਤੀ ਤੇ ਚਾਚੀ ਨੂੰ ਵੀ ਬੁਲਾ ਲਿਆ। ਕੁਰਸੀ 'ਤੇ ਬੈਠੀ ਤਾਈ ਬਿਸ਼ਨ ਕੌਰ ਨੂੰ ਵੇਖ ਕੇ ਉਹ ਫਰਸ਼ 'ਤੇ ਭੁੰਜੇ ਬੈਠ ਗਈ। ਵਾਰ-ਵਾਰ ਕਹਿਣ ਦੇ ਬਾਵਜੂਦ ਉਹ ਭੁੰਜੇ ਹੀ ਬੈਠੀ ਰਹੀ।

'ਨਾ ਪੁੱਤ, ਮੈਂ ਬੇਬੇ ਦੇ ਬਰਾਬਰ ਨੀਂ ਬਹਿਣਾ।' ਚਾਚੀ ਨੇ ਦੋਵੇਂ ਹੱਥਾਂ ਨਾਲ ਚੁੰਨੀ ਦਾ ਲੜ ਫੜ ਕੇ ਤਾਈ ਦੇ ਪੈਰੀਂ ਹੱਥ ਲਾਇਆ।

'ਬੱਸ-ਬੱਸ ਰਹਿਣ ਦੇ ਖੇਖਣਾਂ ਨੂੰ।' ਤਾਈ ਬਿਸ਼ਨ ਕੌਰ ਦਾ ਪਾਰਾ ਹਾਲੇ ਵੀ ਚੜ੍ਹਿਆ ਹੋਇਆ ਸੀ।

'ਦੇਖ ਬੇਬੇ, ਸਾਰੀ ਉਮਰ ਥੋਡੇ ਘਰ ਕੰਮ ਕਰਦਿਆਂ ਮੈਂ ਗਰੀਬਣੀ ਨੇ ਆਪਣੇ ਜੁਆਕ ਪਾਲ ਲਏ। ਹੁਣ ਮੁੰਡਾ ਨੀਂ ਮੰਨਦਾ, ਮੈਂ ਕਿਹੜੇ ਖੂਹ 'ਚ ਜਾਵਾਂ?' ਚਾਚੀ ਨੇ ਤਰਲਾ ਜਿਹਾ ਕਰਦਿਆਂ ਤਾਈ ਮੂਹਰੇ ਹੱਥ ਜੋੜੀ ਬੈਠੀ ਸੀ।

'ਲੈ ਮੰਨਦਾ ਨੀਂ ਇਹਦਾ ਮੁੰਡਾ, ਵੱਡਾ ਠਾਣੇਦਾਰ ਲੱਗਿਐ। ਸਾਡੇ ਘਰੋਂ ਖਾ ਕੇ ਸਾਨੂੰ ਅੱਖਾਂ ਦਿਖਾਉਣ ਲੱਗ ਗਿਆ ਹੁਣ। ਚੱਲ ਨਹੀਂ ਮੰਨਦਾ ਨਾ ਮੰਨੇ, ਤੂੰ ਸਾਡਾ ਹਿਸਾਬ ਕਰਦੇ।' ਤਾਈ ਇਕ ਪਾਸਾ ਕਰਨ 'ਤੇ ਅੜੀ ਹੋਈ ਸੀ।

'ਦੇਖ ਪੁੱਤ, ਇਹਨੂੰ ਮਹੀਨੇ ਦੇ 15 ਰੁਪਈਏ ਪਸ਼ੂ ਦੇ ਹਿਸਾਬ ਸਾਲ ਭਰ ਦੇ ਪੈਸੇ ਪਹਿਲਾਂ ਦਿੱਤੇ ਹੋਏ ਨੇ। ਰੋਜ਼ ਦਾ ਪਾਈਆ ਦੁੱਧ ਤੇ ਇਕ ਵੇਲੇ ਦੀ ਰੋਟੀ ਅੱਡ ਦਿੰਨੇ ਆਂ। ਵੇਲੇ ਕੁਵੇਲੇ ਹਰੇ ਚਾਰੇ ਤੂੜੀ ਤੱਪੇ ਤੋਂ ਇਹਨੂੰ ਕਦੇ ਜਵਾਬ ਨੀਂ ਦਿੱਤਾ।' ਤਾਈ ਨੇ ਹਿਸਾਬ ਕਿਤਾਬ ਸੁਣਾ ਦਿੱਤਾ।

'ਦੇਖ ਬੇਬੇ, ਮੈਂ ਕਿਹੜਾ ਪੈਸੇ ਦੱਬੀ ਜਾਨੀ ਆਂ। ਸਾਲ ਦੇ ਦੋ ਮਹੀਨੇ ਲੰਘਗੇ, ਬਾਕੀ ਦਸਾਂ ਮਹੀਨਿਆਂ ਦੇ ਬਣਦੇ ਪੈਸੇ ਪਾਈ-ਪਾਈ ਮੋੜ ਦਿਆਂਗੀ। ਪੁੱਤ ਤੂੰ ਲਾ ਦੇ ਹਿਸਾਬ।' ਐਤਕੀਂ ਚਾਚੀ ਥੋੜ੍ਹੀ ਜੁਰਅਤ ਨਾਲ ਬੋਲੀ।

'ਚੱਲ ਤਾਈ ਜੀ, ਜੇ ਚਾਚੀ ਦੀ ਬੇਵਸੀ ਹੈ ਤਾਂ ਤੁਸੀਂ ਗੋਹੇ ਕੂੜੇ ਦਾ ਕੋਈ ਹੋਰ ਹੱਲ ਕਰ ਲਓ। ਜਿਹੜਾ ਲੈਣ ਦੇਣਾ ਹੈ, ਉਹ ਬਹਿ ਕੇ ਨਿਬੇੜ ਲਓ।' ਮੈਂ ਹਿਸਾਬ ਕਿਤਾਬ ਲਾਉਣ ਲਈ ਪੈਨ ਕਾਗਜ਼ ਚੁੱਕਿਆ ਤੇ ਚਾਚੀ ਵੱਲ ਨਿਕਲਦੀ ਰਕਮ ਦੱਸ ਦਿੱਤੀ।

'ਚੱਲ ਲਿਆ ਨੀ ਫੜਾ ਹੁਣੇ।' ਤਾਈ ਨੇ ਖੂੰਡੀ ਫਰਸ਼ ਨਾਲ ਖੜਕਾਉਂਦਿਆਂ ਚਾਚੀ ਨੂੰ ਘਰੋਂ ਜਾ ਕੇ ਪੈਸੇ ਲਿਆਉਣ ਦਾ ਇਸ਼ਾਰਾ ਕੀਤਾ। ਹੌਸਲਾ ਜਿਹਾ ਕਰਕੇ ਚਾਚੀ ਉਠ ਕੇ ਖੜੋ ਗਈ ਅਤੇ ਚੱਕਵੇਂ ਪੈਰੀਂ ਕਮਰੇ 'ਚੋਂ ਨਿਕਲ ਗਈ। ਮੈਨੂੰ ਉਸ ਉਪਰ ਤਰਸ ਆ ਰਿਹਾ ਸੀ। ਕੇਵਲ 15 ਰੁਪਏ ਮਹੀਨੇ ਦੇ ਹਿਸਾਬ 25-30 ਪਸ਼ੂਆਂ ਦਾ ਗੋਹਾ ਮੁਤਰਾਲ ਹੱਥਾਂ ਨਾਲ ਹੂੰਝ ਕੇ ਟੋਕਰੇ ਭਰ-ਭਰ ਰੂੜੀਆਂ 'ਤੇ ਸੁੱਟਣ ਦਾ ਕਠਿਨ ਕੰਮ ਉਹ ਮਾੜਕੂ ਜਿਹੀ ਔਰਤ ਇਕੱਲੀ ਕਿਵੇਂ ਕਰਦੀ ਹੋਵੇਗੀ!

'ਵੇ ਦੇਖ ਤਾਂ ਪੁੱਤ, ਕਿੱਧਰ ਨੂੰ ਚਲੀ ਗਈ?' ਮੈਨੂੰ ਤਾਈ ਬਿਸ਼ਨ ਕੌਰ ਚਾਚੀ ਦਲੀਪੋ ਦੇ ਅਚਾਨਕ ਬਦਲੇ ਰਵੱਈਏ ਤੋਂ ਭੈਅ ਭੀਤ ਜਿਹੀ ਲੱਗੀ।

ਚਾਚੀ ਖੋਟੇ ਪੈਸੇ ਵਾਂਗ ਵਾਪਸ ਆਈ। ਉਹਨੇ ਦੋਵੇਂ ਹੱਥਾਂ ਨਾਲ ਪੰਜ-ਪੰਜ ਸੌ ਦੇ ਨੋਟ ਤਾਈ ਦੀ ਬੁੱਕਲ 'ਚ ਰੱਖ ਦਿੱਤੇ। 'ਬੇਬੇ ਜੀ ਗੁੱਸੇ ਨਾ ਹੋਵੋ, ਆਹ ਚੱਕੋ ਥੋਡੀ ਅਮਾਨਤ। ਵੇਲੇ ਕੁਵੇਲੇ ਹੁਣ ਵੀ ਥੋਡੇ ਘਰ ਦਾ ਕੰਮ ਕਾਰ ਕਰਵਾਉਂਦੀ ਰਹੂੰਗੀ। ਸਾਰੀ ਉਮਰ ਉਸੇ ਘਰ 'ਚ ਲੰਘਾਈ ਆ, ਹੁਣ ਮਜਬੂਰੀ ਆ। ਮੁੰਡਾ ਰੋਜ਼ ਫੌਜ 'ਚੋਂ ਫੋਨ ਕਰਕੇ ਕਹਿੰਦਾ, ਬਈ ਮਾਂ, ਤੈਂ ਬਥੇਰਾ ਕੰਮ ਕਰ ਲਿਆ, ਹੁਣ ਗੋਹੇ ਕੂੜੇ ਨੂੰ ਨਾ ਜਾਈਂ।' ਚਾਚੀ ਨੇ ਅੱਖਾਂ ਭਰ ਲਈਆਂ। ਤਾਈ ਨੇ ਕੁਰਸੀ ਤੋਂ ਉਠ ਕੇ ਚਾਚੀ ਨੂੰ ਬੁੱਕਲ ਵਿੱਚ ਲੈ ਲਿਆ।

'ਨਾ ਹੁਣ ਤੂੰ ਵੱਡੀ ਪੈਸਿਆਂ ਆਲੀ ਹੋਗੀ। ਆਹ ਚੱਕ ਰੁਪਈਏ, ਮੈਨੂੰ ਨੀਂ ਲੋੜ। ਬੱਸ ਤੂੰ ਘਰੇ ਆਉਂਦੀ ਜਾਂਦੀ ਰਹੀਂ। ਤੇਰੇ ਬਗੈਰ ਤਾਂ ਤਿੰਨੇ ਬਹੂਆਂ ਕੱਲ੍ਹ ਦੀਆਂ ਮੂੰਹ ਲਮਕਾਈ ਫਿਰਦੀਆਂ। ਆ ਜੀਂ, ਤੇਰਾ ਆਪਣਾ ਘਰ ਆ।' ਤਾਈ ਬਿਸ਼ਨ ਕੌਰ ਚਾਚੀ ਦਲੀਪੋ ਦੇ ਮੋਢੇ ਦਾ ਸਹਾਰਾ ਲੈਂਦੀ ਕਮਰੇ 'ਚੋਂ ਬਾਹਰ ਚਲੀ ਗਈ। ਦੋਵਾਂ ਵਿਚਾਲੇ ਗੋਹੇ ਕੂੜੇ ਦੀ ਸਾਂਝ ਦਾ ਰਿਸ਼ਤਾ ਐਨਾ ਭਾਵੁਕ ਹੋਵੇਗਾ, ਮੇਰੇ ਲਈ ਅੰਦਾਜ਼ਾ ਲਾਉਣਾ ਔਖਾ ਸੀ।

# ਵਿਅੰਗ ਹਾਏ ਜਾਨੂੰ, ਹਾਏ ਜਾਨੂੰ

-ਵਿਨੋਦ ਕੁਮਾਰ ਦੁਬੇ

ਮੋਬਾਈਲ ਅਤੇ ਅੰਤਰਜਾਲ ਵਿੱਚ ਅਸੀਂ ਇੰਨਾ ਉਲਝੇ ਹੋਏ ਹਾਂ ਕਿ ਮੰਨਿਆ ਜਾ ਰਿਹਾ ਹੈ ਕਿ ਨੱਬੇ ਫੀਸਦੀ ਲੋਕ ਆਪਣੇ ਸਮਾਰਟ ਫੋਨ ਫੜੇ ਬਗੈਰ ਪਖਾਨੇ ਵੀ ਨਹੀਂ ਜਾ ਸਕਦੇ, ਜਿਵੇਂ ਸਮਾਰਟ ਫੋਨ ਕੋਈ ਫੋਨ ਨਾ ਹੋਵੇ, ਕਬਜ਼ ਦੀ ਦਵਾਈ ਹੋਵੇ। ਉਹ ਸਮਾਂ ਗਿਆ, ਜਦੋਂ ਉਠਦਿਆਂ ਸਾਰ ਬੱਚੇ ਆਪਣੇ ਮਾਪਿਆਂ ਦੇ ਪੈਰੀਂ ਹੱਥ ਲਾਉਂਦੇ ਸਨ। ਅੱਜ ਕੱਲ੍ਹ ਤਾਂ ਅੱਖ ਖੁੱਲ੍ਹਦਿਆਂ ਸਾਰ ਪਹਿਲਾਂ ਆਪਣੇ ਮੋਬਾਈਲ ਲੱਭਦੇ ਹਨ। ਭੋਜਨ ਕਰਦੇ ਸਮੇਂ ਵੀ ਸੁਆਦਲੀ ਚੈਟਿੰਗ 'ਚ ਇੰਨਾ ਬਿਜ਼ੀ ਹੁੰਦੇ ਹਨ ਕਿ ਸਾਰੀਆਂ ਰੋਟੀਆਂ ਦਾਲ, ਸਬਜ਼ੀ ਦੀ ਜਗ੍ਹਾ ਪਾਣੀ ਵਿੱਚ ਡੁਬੋ ਕੇ ਖਾ ਲੈਣਗੇ, ਪਰ ਸਵਾਦ ਦਾ ਧਿਆਨ ਨਹੀਂ ਰਹਿਣਾ। 'ਹਾਏ ਜਾਨੂ, ਹਾਏ ਜਾਨੂੰ' ਦੀ ਜਿੰਨੀ ਹਾਏ-ਤੌਬਾ ਮਚਾ ਰੱਖੀ ਹੈ, ਇੰਨਾ ਹਾਏ-ਹਾਏ ਸਰਕਾਰ ਦੇ ਖਿਲਾਫ ਕੀਤਾ ਹੋਵੇ ਤਾਂ ਸੱਤਾ ਵਿੱਚ ਹਾਏ-ਹਾਏ ਮਚ ਜਾਵੇਗੀ। ਘਰ 'ਚ ਬਿਮਾਰ ਮਾਂ ਮਹੀਨਿਆਂ ਤੋਂ ਬਿਮਾਰ ਪਈ ਹੋਵੇਗੀ, ਪਰ ਹਾਲ ਨਾ ਪੁੱਛਣਗੇ ਤੇ ਜਾਨੂੰ ਨੂੰ ਛਿੱਕ ਵੀ ਆਈ ਤਾਂ ਨਿਮੂਨੀਏ ਦੀਆਂ ਦਵਾਈਆਂ ਲੱਭਦੇ ਫਿਰਨਗੇ। ਮੋਬਾਈਲ ਚੈਟਿੰਗ ਨੇ ਸਭ ਨੂੰ ਦੀਵਾਨਾ ਬਣਾ ਰੱਖਿਆ। ਅਜੇ ਆਰਕੁਟ ਦਾ ਦਾਹ-ਸਸਕਾਰ ਵੀ ਨਹੀਂ ਨਿਬੜਿਆ ਕਿ ਫੇਸਬੁਕ, ਵਟਸਐਪ ਦੇ ਰੂਪ ਵਿੱਚ ਚੈਟਿੰਗ ਦਾ ਪੁਨਰ ਜਨਮ ਹੋ ਗਿਆ ਤੇ ਇਨ੍ਹਾਂ ਦੇ ਪਿੱਛੇ ਪਤਾ ਨਹੀਂ ਕਿੰਨੇ ਅਵਤਾਰ ਪ੍ਰਗਟ ਹੋ ਗਏ, ਹਾਈਕ ਤੇ ਵਾਈਬਰ ਜਿਹੇ ਰੂਪ 'ਚ। ਇੱਕੋ ਬੰਦਾ ਕਈ-ਕਈ ਜਾਨੂੰ ਸੋਸ਼ਲ ਸਾਈਟ 'ਤੇ ਲੈ ਕੇ ਬੈਠਾ ਹੈ। ਕਈ ਲੜਕਿਆਂ ਨੇ ਆਨਲਾਈਨ ਲਿੰਗ ਪਰਿਵਰਤਨ ਕਰਾ ਰੱਖਿਆ ਹੈ ਤੇ ਸਾਈਟ 'ਤੇ ਲੜਕੀਆਂ ਬਣ ਕੇ ਬੈਠੇ ਹਨ। ਇਹੋ ਹਾਲ ਤਿਉਹਾਰਾਂ ਦਾ ਹੈ। ਵੈਲੇਨਟਾਈਨ ਡੇਅ ਵਿਸ਼ ਕਰਨ ਦੇ ਲਈ ਰਾਤ ਭਰ ਜਾਗਣ ਵਾਲੇ 15 ਅਗਸਤ ਭੁੱਲ ਜਾਂਦੇ ਹਨ। ਪ੍ਰੇਮਿਕਾ ਲਈ ਇੱਕੋ ਜਗ੍ਹਾ ਘੰਟਿਆਂਬੱਧੀ ਖੜ੍ਹੇ ਰਹਿ ਕੇ ਇੰਤਜ਼ਾਰ ਕਰ ਲੈਣਗੇ, ਪਰ ਰਾਸ਼ਟਰਗਾਨ 'ਤੇ 52 ਸੈਕਿੰਡ ਖੜ੍ਹੇ ਰਹਿਣਾ ਗਵਾਰਾ ਨਹੀਂ। ਗਰਲ ਫਰੈਂਡ ਦੀ ਟੈਂ-ਟੈਂ 'ਤੇ ਪਿਆਰ ਆਉਂਦਾ ਹੈ, ਪਰ ਮਾਂ ਦੀ ਖਾਂਸੀ ਨਾਲ ਨੀਂਦ ਖਰਾਬ ਹੁੰਦੀ ਹੈ। ਮੋਬਾਈਲ ਦੀ ਆਦਤ ਅਜਿਹੀ ਹੈ ਕਿ ਸੌਂਦੇ ਟਾਈਮ ਤਿੰਨ ਚਾਰ ਘੰਟੇ ਤੱਕ ਨੀਂਦ ਦੀ ਐਸੀ-ਤੈਸੀ ਨਾ ਕਰ ਦੇਵੇ ਉਦੋਂ ਤੱਕ ਨੀਂਦ ਨਹੀਂ ਆਉਂਦੀ। ਜਿਵੇਂ-ਜਿਵੇਂ ਮੋਬਾਈਲ ਦੀ ਰੈਮ 'ਚ ਵਾਧਾ ਹੋ ਰਿਹਾ ਹੈ, ਦਿਮਾਗ ਦੇ ਨਿਊਰਾਂਸ ਬੇਮੌਤ ਮਰਦੇ ਜਾ ਰਹੇ ਹਨ। ਪਹਿਲਾਂ ਲੋਕਾਂ ਦੀ ਯਾਦਾਸ਼ਤ 'ਚ ਕਾਫੀ ਕੁਝ ਸੁਰੱਖਿਅਤ ਰਹਿੰਦਾ ਸੀ, ਅੱਜ ਮੋਬਾਈਲ 'ਚ ਸੇਵ ਕਰਨੇ ਪੈਂਦੇ ਹਨ। ਨਾਮ, ਨੰਬਰ, ਚਿਹਰੇ ਸਭ ਮੋਬਾਈਲ 'ਚ ਸੇਵ ਹਨ ਤੇ ਦਿਮਾਗ 'ਚ ਡਿਲੀਟ ਹੁੰਦੇ ਜਾਂਦੇ ਹਨ। ਕੁਝ ਸਾਲਾਂ ਬਾਅਦ ਤਾਂ ਹਾਲਤ ਇਹ ਹੋਵੇਗੀ ਕਿ ਘਰ ਵਿੱਚ ਚਿਹਰੇ ਅਣਜਾਣ ਲੱਗਣਗੇ, ਫਿਰ ਲੋਕ ਮੋਬਾਈਲ ਤੋਂ ਕਨਫਰਮ ਕਰਨਗੇ ਕਿ ਇਹ ਘਰ ਦਾ ਮੈਂਬਰ ਹੈ। ਗੇਮ ਖੇਡਣ ਵਿੱਚ ਮਸ਼ਗੂਲ ਲੋਕ ਪੋਕੇਮਨ ਲੱਭਦੇ-ਲੱਭਦੇ ਖੁਦ ਗੁਆਚ ਜਾਂਦੇ ਹਨ, ਜਿਨ੍ਹਾਂ ਨੂੰ ਗੂਗਲ ਵੀ ਨਹੀਂ ਲੱਭ ਸਕਦਾ। ਖੋ-ਖੋ, ਕਬੱਡੀ ਚੀਤੇ ਵਾਂਗ ਗੁਆਚੀ ਹੋਈ ਹੈ। ਇਨ੍ਹਾਂ ਖੇਡਾਂ ਦਾ ਟੈਂਪਲ ਰਨ ਤੇ ਪੋਕੇਮੋਨ ਗੋ ਆਦਿ ਖੇਡਾਂ ਨੇ ਖੇਡ ਵਿਗਾੜ ਦਿੱਤਾ ਹੈ। ਬੱਚੇ ਫੋਨ 'ਚ ਬਿਜ਼ੀ ਹਨ, ਮਾਂ-ਬਾਪ ਟੈਨਸ਼ਨ ਫ੍ਰੀ ਹਨ ਕਿ ਬੱਚੇ ਘਰ ਹੀ ਚੁੱਪਚਾਪ ਖੇਡ ਰਹੇ ਹਨ। ਬੱਚੇ ਵੀ ਮੋਬਾਈਲ 'ਚ ਕ੍ਰਿਕਟ ਖੇਡ ਕੇ ਖੁਸ਼ ਹਨ ਕਿ ਭੱਜ ਨੱਠ ਦਾ ਕੋਈ ਚੱਕਰ ਨਹੀਂ। ਨਹੀਂ ਤਾਂ ਪਾਗਲਾਂ ਵਾਂਗ ਇੱਕ ਗੇਂਦ ਦੇ ਪਿੱਛੇ ਇੰਨੇ ਸਾਰੇ ਲੜਦੇ ਨੱਠਦੇ ਜਾਂਦੇ ਹਨ, ਜਿਵੇਂ ਗਲੀ ਦੀ ਕਿਸੇ ਮੁਟਿਆਰ ਨੇ ਸਾਰੇ ਜਵਾਨਾਂ ਨੂੰ ਦੀਵਾਨਾ ਬਣਾ ਛੱਡਿਆ ਹੋਵੇ।

ਮੋਬਾਈਲ ਫੋਨ ਦੇ ਹੋਰ ਵੀ ਲਾਭ ਹਨ, ਲੱਖਾਂ ਰੁੱਖਾਂ ਦੀ ਜਾਨ ਬਚ ਗਈ, ਤੁਸੀਂ ਪੁੱਛੋਗੇ ਕਿਵੇਂ? ਮੋਬਾਈਲ ਨੇ ਲਵ ਲੈਟਰ ਦੀ ਸੰਖਿਆ ਘਟਾ ਦਿੱਤੀ, ਨਹੀਂ ਤਾਂ ਕਿੰਨੇ ਰੁੱਖ ਪ੍ਰੇਮ ਪੱਤਰ ਦੀ ਬਲੀ ਚੜ੍ਹ ਜਾਂਦੇ ਸਨ। ਕਈਆਂ ਦੀ ਹਾਲਤ ਅਜਿਹੀ ਸੀ ਕਿ ਇੱਕ ਲਵ ਲੈਟਰ ਲਿਖਣ ਵਿੱਚ ਹੱਥ ਇੰਨਾ ਕੰਬਦਾ ਸੀ ਕਿ ਫਟੇ ਹੋਏ ਪ੍ਰੇਮ ਪੱਤਰਾਂ ਦਾ ਢੇਰ ਲੱਗ ਜਾਂਦਾ। ਉਪਰੋਂ ਲਵ ਲੈਟਰ ਪੁਚਾਉਣ ਦਾ ਝੰਜਟ, ਕੁਟਾਪੇ ਦਾ ਡਰ। ਲਵ ਲੈਟਰ ਸੁੱਟਣ ਦੇ ਚੱਕਰ ਵਿੱਚ ਪ੍ਰੇਮਿਕਾ ਦੇ ਪਾਪਾ, ਭਰਾ 'ਤੇ ਡਿੱਗ ਜਾਣਾ ਤਾਂ ਸਾਖਸ਼ਾਤ ਯਮਰਾਜ ਨੂੰ ਬੁਲਾਵਾ। ਇਸ ਤੋਂ ਚੰਗਾ ਤਾਂ ਮੋਬਾਈਲ ਵਿਚਾਰਾ ਚੁੱਪਚਾਪ ਆਪਣਾ ਕੰਮ ਕਰ ਰਿਹਾ ਹੈ। ਪ੍ਰੇਮਿਕਾ ਦੀ ਸਹੇਲੀ ਦੀ ਗਰਜ਼ ਵੀ ਪੂਰੀ ਨਹੀਂ ਕਰਨੀ ਪੈਂਦੀ। ਮੋਬਾਈਲ ਨੇ ਰਿਸ਼ਤਿਆਂ ਦੀ ਪਰਿਭਾਸ਼ਾ ਹੀ ਬਦਲ ਦਿੱਤੀ।

ਕਈ ਵਾਰ ਸ਼ਮਸ਼ਾਨ ਦੇ ਕਿਸੇ ਕੋਨੇ 'ਚ ਲੋਕ ਵਟਸਐਪ ਚਲਾਉਂਦੇ ਦਿਖ ਜਾਣਗੇ, ਸੋਚਦੇ ਹੋਣਗੇ ਲਾਸ਼ ਸੜਨ 'ਚ ਤਾਂ ਟਾਈਮ ਲੱਗਦਾ ਹੈ, ਉਦੋਂ ਤੱਕ ਬੈਠੇ-ਬੈਠੇ ਬੋਰ ਕਿਉਂ ਹੋਈਏ।

ਉਂਝ ਮੋਬਾਈਲ ਇੰਨੀ ਵੀ ਬੁਰੀ ਚੀਜ਼ ਨਹੀਂ ਹੈ। ਨੋਟਬੰਦੀ ਦੇ ਬਾਅਦ ਸਰਕਾਰ ਖੁਦ ਆਖ ਰਹੀ ਹੈ ਮੋਬਾਈਲ ਨੂੰ ਬੈਂਕ ਬਣਾ ਲਓ। ਯੂ ਟਿਊਬ ਨੇ ਮੋਬਾਈਲ ਨੂੰ ਸਿਨੇਮਾਘਰ ਬਣਾ ਦਿੱਤਾ ਹੈ। ਮੋਬਾਈਲ ਆਉਣ ਮਗਰੋਂ ਟੈਲੀਗ੍ਰਾਮ ਅਕਾਲ ਚਲਾਣਾ ਕਰ ਗਿਆ। ਮੋਬਾਈਲ ਨੇ ਵੀਣੀ ਤੋਂ ਘੜੀ ਖੋਹ ਲਈ। ਸਿਰਫ ਸ਼ੌਕ ਵਜੋਂ ਬੰਨ੍ਹੀ ਦਿਖਾਈ ਦਿੰਦੀ ਹੈ। ਮੋਬਾਈਲ ਨੇ ਪੀ ਕੇ ਦਾ ਰੇਡੀਓ ਖੋਹ ਲਿਆ। ਮੋਬਾਈਲ ਨੇ ਰਾਤਾਂ ਦੀ ਨੀਂਦ, ਦਿਨ ਦਾ ਸਕੂਨ ਖੋਹ ਲਿਆ। ਅਸੀਂ ਇੰਨੇ ਸਮਝਦਾਰ ਹੋ ਚੁੱਕੇ ਹਾਂ ਕਿ ਬੱਦਲ ਵੀ ਗੂਗਲ 'ਤੇ ਦੇਖ ਲੈਂਦੇ ਹਾਂ। ਬਰਸਾਤ ਯੂ ਟਿਊਬ 'ਤੇ ਦੇਖਦੇ ਹਾਂ। ਸ਼ੇਰ, ਚੀਤਾ, ਰਿੱਛ, ਮਗਰਮੱਛ, ਬਾਜ, ਸੱਪ ਸਭ ਡਿਸਕਵਰੀ 'ਤੇ ਦੇਖਦੇ ਹਾਂ। ਹਰਿਆਲੀ ਨੈਸ਼ਨਲ ਜਿਓਗਰਾਫੀ ਦਿਖਾ ਦਿੰਦੀ ਹੈ। ਅਸੀਂ ਇੰਨੇ ਸਮਝਦਾਰ ਹਾਂ ਕਿ ਗਰਦਨ ਚੁੱਕਣ ਤੱਕ ਦੀ ਜ਼ਹਿਮਤ ਨਹੀਂ ਚੁੱਕ ਸਕਦੇ, ਗਰਦਨ ਝੁਕਾਉਣ ਦੀ ਆਦਤ ਇੰਨੀ ਵੀ ਤਾਂ ਚੰਗੀ ਨਹੀਂ। ਕਾਸ਼! ਅਸੀਂ ਵੀ ਥੋੜ੍ਹੇ ਨਾਸਮਝ ਹੀ ਰਹਿ ਜਾਂਦੇ, ਸਮਝਦਾਰ ਹੋਣ ਦੇ ਨੁਕਸਾਨ ਤਾਂ ਬਹੁਤ ਹਨ।

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
Mayfield Rd / Mcvean Dr / Gore Rd / Countryside Dr / Squire Ellis Dr / DENTISTRY

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits


WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਭਾਰਤ ਵਿੱਚ ਤਿੰਨ ਜਾਤਾਂ ਦੀ ਪ੍ਰਮੁੱਖਤਾ ਦੇ ਵਿਰੁੱਧ ਪਟੀਸ਼ਨ ਦਾਇਰ

ਚੰਡੀਗੜ੍ਹ, 15 ਜਨਵਰੀ (ਪੋਸਟ ਬਿਊਰੋ)- ਭਾਰਤ ਦੇ ਰਾਸ਼ਟਰਪਤੀ ਦੇ ਸੁਰੱਖਿਆ ਗਾਰਡਾਂ ਦੀ ਨਿਯੁਕਤੀ ਵਿੱਚ ਸਿਰਫ ਤਿੰਨ ਜਾਤੀਆਂ ਦੇ ਜਵਾਨਾਂ ਨੂੰ ਸ਼ਾਮਲ ਕੀਤੇ ਜਾਣ ਦੇ ਖਿਲਾਫ ਦਾਇਰ ਇਕ ਪਟੀਸ਼ਨ ਉਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤੇ ਹਨ।

ਮਿਲੀ ਜਾਣਕਾਰੀ ਅਨੁਸਾਰ ਰਾਸ਼ਟਰਪਤੀ ਦੇ ਸੁਰੱਖਿਆ ਗਾਰਡਾਂ ਦੀ ਸਾਲ 2017 ਵਿੱਚ ਹੋਈ ਨਿਯੁਕਤੀ ਦੇ ਲਈ ਪ੍ਰਕਿਰਿਆ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਗੁੜਗਾਓਂ ਦੇ ਮਨੀਸ਼ ਡੇਮਾ ਨੇ ਆਪਣੀ ਅਰਜ਼ੀ ਵਿੱਚ 12 ਅਗਸਤ 2017 ਨੂੰ ਜਾਰੀ ਕੀਤੇ ਗਏ ਉਸ ਨੋਟਿਸ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ, ਜਿਸ ਵਿੱਚ ਰਾਸ਼ਟਰਪਤੀ ਦੇ ਗਾਰਡਾਂ ਦੀ ਨਿਯੁਕਤੀ ਵਿੱਚ ਸ਼ਾਮਲ ਹੋਣ ਤੋਂ ਕੁਝ ਜਾਤੀਆਂ ਨੂੰ ਰੋਕ ਦਿੱਤਾ ਗਿਆ ਸੀ। ਵਕੀਲ ਹਿਮਾਂਸ਼ੂ ਰਾਜ ਤੇ ਅੰਜੁਮ ਅਹਿਮਦ ਰਾਹੀਂ ਦਾਇਰ ਪਟੀਸ਼ਨ ਵਿੱਚ ਮਨੀਸ਼ ਨੇ ਕਿਹਾ ਕਿ ਚਾਰ ਸਤੰਬਰ 2017 ਨੂੰ ਕੀਤੀ ਭਰਤੀ




ਪ੍ਰਕਿਰਿਆ ਵਿੱਚ ਸਿਰਫ ਤਿੰਨ ਜਾਤੀਆਂ ਦੇ ਨੌਜਵਾਨਾਂ ਨੂੰ ਭਰਤੀ ਕੀਤਾ ਗਿਆ। ਰਾਸ਼ਟਰਪਤੀ ਦੇ ਸੁਰੱਖਿਆ ਗਾਰਡਾਂ ਕੋਲ ਅਸਲ ਵਿੱਚ ਉਨ੍ਹਾਂ ਦੀ ਸੁਰੱਖਿਆ ਦਾ ਕੋਈ ਮਹੱਤਵ ਪੂਰਨ ਕੰਮ ਨਾ ਹੋਣ ਦਾ ਜ਼ਿਕਰ ਕਰਦਿਆਂ ਪਟੀਸ਼ਨਰ ਨੇ ਕਿਹਾ ਕਿ ਰਾਸ਼ਟਰਪਤੀ ਦੇ ਗਾਰਡ ਰਸਮੀ ਕੰਮ ਕਰਦੇ ਹਨ ਅਤੇ ਉਨ੍ਹਾਂ ਦੀ ਨਿਯੁਕਤੀ ਵਿੱਚ ਸਿਰਫ ਕੁਝ ਜਾਤੀਆਂ ਨੂੰ ਅਹਿਮੀਅਤ ਦਿੱਤੀ ਜਾਣੀ, ਇਨ੍ਹਾਂ ਅਸਾਮੀਆਂ ਲਈ ਹੋਰਨਾਂ ਜਾਤੀਆਂ ਦੇ ਨੌਜਵਾਨਾਂ ਨਾਲ ਵਿਤਕਰਾ ਹੈ। ਸੁਰੱਖਿਆ ਗਾਰਡਾਂ ਦੀ ਨਿਯੁਕਤੀ ਦੇ ਨਿਯਮਾਂ ਨੂੰ ਸੰਵਿਧਾਨ ਦੀ ਧਾਰਾ 14 ਦੀ ਉਲੰਘਣਾ ਦੱਸਦੇ ਹੋਏ ਪਟੀਸ਼ਨਰ ਨੇ ਕਿਹਾ ਕਿ ਇਹ ਨਿਯਮ ਜਾਤੀ ਦੇ ਆਧਾਰ 'ਤੇ ਭੇਦਭਾਵ ਕਰਦੇ ਹਨ।

ਵਰਨਣ ਯੋਗ ਹੈ ਕਿ ਰਾਸ਼ਟਰਪਤੀ ਦੇ ਸੁਰੱਖਿਆ ਮੁਲਾਜ਼ਮਾਂ ਯਾਨੀ ਪ੍ਰੈਜ਼ੀਡੈਂਟਸ ਬਾਡੀਗਾਰਡਸ (ਪੀ ਬੀ ਜੀ) ਵਿੱਚ ਸਿਰਫ ਤਿੰਨ ਜਾਤੀਆਂ ਦੇ ਨੌਜਵਾਨਾਂ ਨੂੰ ਸ਼ਾਮਲ ਕਰਨ ਦੇ ਪੱਖ ਨੂੰ ਫੌਜ ਨੇ ਸੁਪਰੀਮ ਕੋਰਟ ਵਿੱਚ 2013 ਨੂੰ ਮੰਨ ਲਿਆ ਤੇ ਕਿਹਾ ਸੀ ਕਿ ਰਾਸ਼ਟਰਪਤੀ ਦੇ ਸੁਰੱਖਿਆ ਮੁਲਾਜ਼ਮਾਂ ਦੀਆਂ ਕੁਝ ਵਿਸ਼ੇਸ਼ ਲੋੜਾਂ ਤਹਿਤ ਸਿਰਫ ਹਿੰਦੂ ਰਾਜਪੂਤ, ਹਿੰਦੂ ਜਾਟ ਜਾਂ ਜੱਟ ਸਿੱਖਾਂ ਨੂੰ ਹੀ ਟੁਕੜੀ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਸੁਪਰੀਮ ਕੋਰਟ 'ਚ ਦਾਇਰ ਐਫੀਡੇਵਿਟ ਵਿੱਚ ਫੌਜ ਨੇ ਕਿਹਾ ਸੀ ਕਿ ਪੀ ਬੀ ਜੀ ਲਗਭਗ 150 ਫੌਜੀਆਂ ਦੀ ਛੋਟੀ ਜਿਹੀ ਯੂਨਿਟ ਹੈ ਜੋ ਰਾਸ਼ਟਰਪਤੀ ਸਕੱਤਰੇਤ ਤਹਿਤ ਕੰਮ ਕਰਦੀ ਹੈ। ਆਪਣੇ ਨਾਂ ਦੇ ਉਲਟ ਇਹ ਯੂਨਿਟ ਰਾਸ਼ਟਰਪਤੀ ਭਵਨ ਵਿੱਚ ਪ੍ਰੋਟੋਕਾਲ ਦੇ ਅਨੁਸਾਰ ਰਸਮੀ ਗਤੀਵਿਧੀਆਂ ਨੂੰ ਪੂਰਾ ਕਰਦੀ ਹੈ। ਇਨ੍ਹਾਂ ਰਸਮੀ ਸਮਾਗਮਾਂ ਵਿੱਚ ਡਿਊਟੀ ਲਈ ਬਰਾਬਰ ਕੱਦ ਕਾਠ ਵਾਲੇ ਜਵਾਨਾਂ ਦੀ ਲੋੜ ਹੁੰਦੀ ਹੈ। ਉਸ ਪਟੀਸ਼ਨ ਨੂੰ ਉਦੋਂ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ ਸੀ।

# ਆਲ ਇੰਡੀਆ ਗੁਰਦੁਆਰਾ ਐਕਟ ਬਾਦਲ ਨੇ ਨਹੀਂ ਬਣਨ ਦਿੱਤਾ: ਸੇਖਵਾਂ

ਚੰਡੀਗੜ੍ਹ, 15 ਜਨਵਰੀ (ਪੋਸਟ ਬਿਊਰੋ)- ਅਕਾਲੀ ਦਲ (ਟਕਸਾਲੀ) ਦੇ ਸਕੱਤਰ ਜਨਰਲ ਸੇਵਾ ਸਿੰਘ ਸੇਖਵਾਂ, ਜਿਹੜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ)ਦੇ ਮੈਂਬਰ ਵੀ ਹਨ, ਨੇ ਆਲ ਇੰਡੀਆ ਗੁਰਦੁਆਰਾ ਐਕਟ ਅੱਜ ਤੱਕ ਨਾ ਬਣਨ ਬਾਰੇ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਭੂਮਿਕਾ ਬਾਰੇ ਕੱਲ੍ਹ ਅਹਿਮ ਖੁਲਾਸਾ ਕੀਤਾ ਹੈ। ਉਨ੍ਹਾਂ ਕਿਹਾ ਕਿ ਬਾਦਲ ਨੇ ਗੁਰਦੁਆਰਾ ਐਕਟ ਨਹੀਂ ਬਣਨ ਦਿੱਤਾ, ਕਿਉਂਕਿ ਇਸ ਨਾਲ ਉਨ੍ਹਾਂ ਨੂੰ ਆਪਣੇ ਕੰਟਰੋਲ ਵਿੱਚੋਂ ਐੱਸ ਜੀ ਪੀ ਸੀ ਖੁੱਸ ਜਾਣ ਦਾ ਡਰ ਸੀ।



ਇਸ ਸੰਬੰਧ ਵਿੱਚ ਸੇਖਵਾਂ ਨੇ ਵਿਸ਼ੇਸ਼ ਗੱਲਬਾਤ ਦੌਰਾਨ ਕਿਹਾ ਕਿ ਮੈਂ ਇਹ ਮਾਮਲਾ ਉਨ੍ਹਾਂ ਕੋਲ ਪਾਰਟੀ ਵਿੱਚ ਕੰਮ ਕਰਦੇ ਉਠਾਉਂਦਾ ਰਿਹਾ ਹਾਂ। ਉਨ੍ਹਾਂ ਨੂੰ ਕਈ ਵਾਰ ਸੁਝਾਅ ਦਿੱਤਾ ਕਿ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਲਈ ਵਿਸ਼ੇਸ਼ ਯਤਨ ਕੀਤੇ ਜਾਣ, ਜਿਸ ਨਾਲ ਪੂਰੇ ਦੇਸ਼ ਵਿੱਚ ਐੱਸ ਜੀ ਪੀ ਸੀ ਦੀ ਸ਼ਾਨ ਵਧੇਗੀ। ਸੇਖਵਾਂ ਨੇ ਕਿਹਾ ਕਿ ਇਸ ਨਾਲ ਪੂਰੇ ਦੇਸ਼ ਦੇ ਗੁਰਦੁਆਰਿਆਂ ਦਾ ਪ੍ਰਬੰਧ ਐੱਸ ਜੀ ਪੀ ਸੀ ਕੋਲ ਆ ਜਾਣਾ ਸੀ, ਕਿਉਂਕਿ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਵਰਗੇ ਇਤਿਹਾਸਕ ਗੁਰਧਾਮ ਕਮੇਟੀ ਦੇ ਘੇਰੇ ਵਿੱਚ ਨਹੀਂ ਹਨ। ਹਰਿਆਣਾ ਦੀ ਵੱਖਰੀ ਕਮੇਟੀ ਦੇ ਵਿਵਾਦ ਸਮੇਂ ਵੀ ਅਸੀਂ ਬਾਦਲ ਨੂੰ ਆਲ ਇੰਡੀਆ ਗੁਰਦੁਆਰਾ ਐਕਟ ਬਣਵਾਉਣ ਦਾ ਸੁਝਾਅ ਦਿੱਤਾ ਸੀ ਤਾਂ ਜੋ ਵੱਖ-ਵੱਖ ਰਾਜਾਂ ਦੇ ਸਿੱਖ ਭਾਈਚਾਰੇ ਵਿੱਚ ਐੱਸ ਜੀ ਪੀ ਸੀ ਰਾਹੀਂ ਭੇਦਭਾਵ ਦੇ ਦੋਸ਼ਾਂ ਦਾ ਸਥਾਈ ਹੱਲ ਹੋ ਸਕੇ। ਸੇਖਵਾਂ ਨੇ ਕਿਹਾ ਕਿ ਬਾਦਲ ਦਾ ਵਿਚਾਰ ਸੀ ਕਿ ਪੰਜਾਬ ਦੇ ਹੀ ਮੈਂਬਰ ਸਾਥੋਂ ਕੰਟਰੋਲ ਨਹੀਂ ਹੁੰਦੇ ਤੇ ਪੂਰੇ ਦੇਸ਼ ਦੇ ਮੈਂਬਰਾਂ ਨੂੰ ਕੰਟਰੋਲ ਕਰਨਾ ਆਸਾਨ ਨਹੀਂ ਹੋਣਾ, ਇਸ ਕਰ ਕੇ ਬਾਦਲ ਆਲ ਇੰਡੀਆ ਐਕਟ ਬਣਾਉਣ ਲਈ ਕਦੇ ਗੰਭੀਰ ਨਹੀਂ ਹੋਏ। ਸੇਖਵਾਂ ਨੇ ਕਿਹਾ ਕਿ ਅਸਲ ਵਿੱਚ ਬਾਹਰਲੇ ਰਾਜਾਂ ਦੇ ਸਿੱਖਾਂ ਦੇ ਰੁਖ਼ ਨੂੰ ਦੇਖਦਿਆਂ ਬਾਦਲ ਨੂੰ ਡਰ ਸੀ ਕਿ ਆਲ ਇੰਡੀਆ ਐਕਟ ਬਣਨ ਨਾਲ ਐੱਸ ਜੀ ਪੀ ਸੀ ਕਿਤੇ ਹੱਥੋਂ ਨਾ ਖੁੱਸ ਜਾਂਦੀ ਹੋਵੇ, ਜਿਸ 'ਤੇ ਉਨ੍ਹਾਂ ਦਾ ਕਬਜ਼ਾ ਹੈ।

## ਸਮਾਗਮ ਤੋਂ ਵਾਕਆਊਟ ਕਰ ਗਏ ਕਾਂਗਰਸੀ ਵਿਧਾਇਕ ਜ਼ੀਰਾ ਦਾ ਪੀ ਏ ਗ੍ਰਿਫ਼ਤਾਰ

ਮੋਗਾ, 15 ਜਨਵਰੀ (ਪੋਸਟ ਬਿਊਰੋ)- ਪੁਲਿਸ ਉੱਤੇ ਨਸ਼ਾ ਸਮੱਗਲਰਾਂ ਦੀ ਮਦਦ ਕਰਨ ਦੇ ਦੋਸ਼ ਲਾਉਣ ਵਾਲੇ ਕਾਂਗਰਸ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਦੇ ਨਾਲ ਲੱਗੇ ਪੀ ਏ ਨੀਰਜ ਕੁਮਾਰ ਉਰਫ਼ ਗਿੰਨੀ ਸੋਢੀ ਨੂੰ ਮੋਗਾ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਉਸ ਨੂੰ ਮੋਗਾ ਦੇ ਨੈਸਲੇ ਫਾਟਕ ਕੋਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਨੀਰਜ ਕੁਮਾਰ ਉਰਫ ਗਿੰਨੀ ਸੋਢੀ ਉਤੇ ਸਾਲ 2013 ਵਿਚ ਕਤਲ ਕੇਸ ਬਣਿਆ ਸੀ। ਇਸ ਬਾਰੇ ਉਹ ਅਦਾਲਤ ਵਿਚ ਪੇਸ਼ ਨਾ ਹੋਇਆ ਤਾਂ ਅਦਾਲਤ ਨੇ ਉਸ ਨੂੰ ਭਗੌੜਾ ਕਰਾਰ ਦੇ ਦਿੱਤਾ। ਪੁਲਿਸ ਨੇ ਗੁਪਤ ਸੂਚਨਾ ਉੱਤੇ ਕੱਲ੍ਹ ਸ਼ਾਮ ਉਸ ਨੂੰ ਫੜ ਲਿਆ। ਉਸ ਕੋਲੋਂ ਇਕ ਰਿਵਾਲਵਰ ਤੇ ਜ਼ਿੰਦਾ ਕਾਰਤੂਸ ਵੀ ਬਰਾਮਦ ਹੋਏ ਹਨ।

ਵਰਨਣ ਯੋਗ ਹੈ ਕਿ ਬੀਤੇ ਦਿਨੀਂ ਸ਼ਰਾਬ ਕਾਰੋਬਾਰੀ ਫੁਰਮਾਨ ਸਿੰਘ ਨੇ ਵਿਧਾਇਕ ਜ਼ੀਰਾ ਅਤੇ ਉਨ੍ਹਾਂ ਦੇ ਪੀ ਏ ਗਿੰਨੀ ਸ਼ਰਮਾ ਉੱਤੇ ਗੰਭੀਰ ਦੋਸ਼ ਲਾਏ ਸਨ। ਇਸ ਦੇ ਬਾਅਦ ਪੁਲਿਸ ਹਰਕਤ ਵਿਚ ਆਈ। ਫਰਮਾਨ ਸਿੰਘ ਨੇ ਕਿਹਾ ਸੀ ਕਿ ਉਨ੍ਹਾਂ ਦੇ ਖ਼ਿਲਾਫ਼ ਫਿਰੋਜ਼ਪੁਰ ਸਿਟੀ ਥਾਣੇ ਵਿਚ 2000 ਸ਼ਰਾਬ ਦੀਆਂ ਪੇਟੀਆਂ ਦਾ ਝੂਠਾ ਕੇਸ ਬਣਾਇਆ ਗਿਆ ਹੈ, ਜੋ ਜਾਂਚ ਵਿਚ ਝੂਠਾ ਸਾਬਤ ਹੋਣ 'ਤੇ ਰੱਦ ਹੋਇਆ ਹੈ। ਉਸ ਨੇ ਕਿਹਾ ਸੀ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਦਾ ਪੀ ਏ ਗਿੰਨੀ ਸੋਢੀ ਹੈ, ਜਿਸ ਉੱਤੇ ਸਾਲ 2013 ਵਿਚ ਕਤਲ ਕੇਸ ਦਰਜ ਹੋਇਆ ਅਤੇ ਅਦਾਲਤ ਨੇ 2015 ਵਿਚ ਉਸ ਨੂੰ ਭਗੌੜਾ ਕਰਾਰ ਦੇ ਦਿੱਤਾ ਸੀ, ਪਰ ਉਹ ਵਿਧਾਇਕ ਦੇ ਨਾਲ ਰਹਿੰਦਾ ਹੈ।

# ਮੈਨੂੰ ਲੋਕਾਂ ਨੇ ਚੁਣਿਐ, ਅਸਤੀਫਾ ਨਹੀਂ ਦੇਵਾਂਗਾ: ਖਹਿਰਾ

ਮੁਕਤਸਰ ਸਾਹਿਬ, 15 ਜਨਵਰੀ (ਪੋਸਟ ਬਿਊਰੋ)- ਪੰਜਾਬੀ ਏਕਤਾ ਪਾਰਟੀ ਦੇ ਪ੍ਰਧਾਨ ਤੇ ਹਲਕਾ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਚੋਣਾਂ ਦੌਰਾਨ ਪਾਰਟੀਆਂ ਐਲਾਨ ਬਹੁਤ ਕਰਦੀਆਂ ਹਨ, ਪਰ ਬਾਅਦ ਵਿੱਚ ਪੂਰੇ ਨਹੀਂ ਕਰਦੀਆਂ। ਪੰਜਾਬੀ ਏਕਤਾ ਪਾਰਟੀ ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਿਹੜਾ ਚੋਣ ਐਲਾਨ ਪੱਤਰ ਪੇਸ਼ ਕਰੇਗੀ, ਉਸ ਬਾਰੇ ਪਹਿਲਾਂ ਖੁਦ ਲੋਕਾਂ ਲਈ ਜਵਾਬਦੇਹ ਰਹੇਗੀ। ਉਹ ਲਿਖਤੀ ਤੌਰ 'ਤੇ ਚੋਣ ਕਮਿਸ਼ਨ ਨੂੰ ਐਫੀਡੇਵਿਟ ਦੇਣਗੇ ਕਿ ਜੋ ਵਾਅਦੇ ਉਹ ਵੋਟਰਾਂ ਨਾਲ ਕਰਨ ਜਾ ਰਹੇ ਹਨ, ਜੇ ਉਹ ਪਹਿਲਾਂ ਦੋ ਸਾਲ ਵਿੱਚ ਪੂਰੇ ਨਹੀਂ ਕਰਦੇ ਤਾਂ ਉਨ੍ਹਾਂ ਦੀ ਪਾਰਟੀ ਦੀ ਮਾਨਤਾ ਰੱਦ ਕਰ ਦਿੱਤੀ ਜਾਏ।



ਇਸ ਐਤਵਾਰ ਨੂੰ ਮੁਕਤਸਰ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਖਹਿਰਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਦੀ ਸਹੁੰ ਲਈ ਅਤੇ ਲਿਖਤੀ ਤੌਰ ਉੱਤੇ ਵੋਟਰਾਂ ਨਾਲ ਸਮਝੌਤੇ ਕੀਤੇ ਸਨ, ਪਰ ਐਵਰੇਜ ਅੱਸੀ ਹਜ਼ਾਰ ਰੁਪਏ ਪ੍ਰਤੀ ਕਿਸਾਨ ਕਰਜ਼ਾ ਹੀ ਮੁਆਫ ਹੋਇਆ ਹੈ। ਇਹ ਲੋਕਾਂ ਨਾਲ ਧੋਖਾ ਹੈ। ਕਾਂਗਰਸ ਦੇ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਵੱਲੋਂ ਬੀਤੇ ਦਿਨੀਂ ਲਾਏ ਦੋਸ਼ ਦੀ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਹ ਗੱਲ ਸਾਬਿਤ ਕਰਦੀ ਹੈ ਕਿ ਨਸ਼ਾ ਅਜੇ ਖਤਮ ਨਹੀਂ ਹੋਇਆ ਅਤੇ ਇਸ ਵਿੱਚ ਕੁਝ ਨੇਤਾ ਤੇ ਵੱਡੇ ਪੁਲਸ ਅਧਿਕਾਰੀਆਂ ਦਾ ਹੱਥ ਹੈ। ਜਾਖੜ ਵੱਲੋਂ ਜ਼ੀਰਾ ਨੂੰ 24 ਘੰਟੇ ਦੇ ਦਿੱਤੇ ਨੋਟਿਸ ਉੱਤੇ ਉਨ੍ਹਾਂ ਕਿਹਾ ਕਿ ਜਾਖੜ ਸੱਚਾਈ ਦਾ ਮੂੰਹ ਬੰਦ ਕਰਨਾ ਚਾਹੁੰਦੇ ਹਨ।

ਖਹਿਰਾ ਨੇ ਕਿਹਾ ਕਿ ਉਨ੍ਹਾਂ ਨੇ ਆਪ ਪਾਰਟੀ ਦੀ ਮੁੱਡਲੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ ਹੈ। ਵਿਧਾਇਕ ਉਨ੍ਹਾਂ ਨੂੰ ਆਮ ਆਦਮੀ ਪਾਰਟੀ (ਆਪ) ਨੇ ਨਹੀਂ, ਭੁਲੱਥ ਦੇ ਵੋਟਰਾਂ ਨੇ ਚੁਣਿਆ ਹੈ, ਉਹ ਅਹੁਦੇ ਤੋਂ ਅਸਤੀਫਾ ਨਹੀਂ ਦੇਣਗੇ।

# ਅਜਨਾਲਾ ਵਿੱਚ ਡੇਢ ਮਰਲਾ ਜ਼ਮੀਨ ਬਦਲੇ ਛੋਟੇ ਭਰਾ ਦੀ ਹੱਤਿਆ

ਅਜਨਾਲਾ, 15 ਜਨਵਰੀ (ਪੋਸਟ ਬਿਊਰੋ)- ਤਹਿਸੀਲ ਅਜਨਾਲਾ ਦੇ ਪਿੰਡ ਸੈਦਪੁਰ ਕਲਾਂ ਵਿੱਚ ਡੇਢ ਮਰਲਾ ਜ਼ਮੀਨ ਦੇ ਲਈ ਵੱਡੇ ਭਰਾ ਨੇ ਆਪਣੀ ਪਤਨੀ ਅਤੇ ਦੋ ਪੁੱਤਰਾਂ ਨਾਲ ਮਿਲ ਕੇ ਛੋਟੇ ਭਰਾ ਦਾ ਕਤਲ ਕਰ ਦਿੱਤਾ। ਪੁਲਸ ਨੇ ਮ੍ਰਿਤਕ ਧਰਮ ਸਿੰਘ ਦੀ ਪਤਨੀ ਸਵਰਣ ਕੌਰ ਦੀ ਸ਼ਿਕਾਇਤ 'ਤੇ ਨਾਨਕ ਸਿੰਘ, ਗੁਰੋ ਕੌਰ, ਬਿੱਟੂ ਅਤੇ ਬੱਗਾ ਦੇ ਖਿਲਾਫ ਕਤਲ ਦਾ ਮਾਮਲਾ ਦਰਜ ਕਰ ਲਿਆ।

ਮ੍ਰਿਤਕ ਦੀ ਪਤਨੀ ਸਵਰਣ ਕੌਰ ਪਿੰਡ ਸੈਦਪੁਰ ਕਲਾਂ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਹੈ ਕਿ ਉਹ ਸਾਰਾ ਪਰਵਾਰ ਮਜ਼ਦੂਰੀ ਅਤੇ ਖੇਤੀਬਾੜੀ ਦਾ ਕੰਮ ਕਰਦਾ ਹੈ। ਪਿਛਲੇ ਇੱਕ ਮਹੀਨੇ ਤੋਂ ਸਾਰੇ ਲੋਕ ਅਲੱਗ-ਅਲੱਗ ਜਗ੍ਹਾ ਮਜ਼ਦੂਰੀ ਕਰਨ ਗਏ ਸਨ ਤੇ ਲੋਹੜੀ ਦਾ ਤਿਉਹਾਰ ਮਨਾਉਣ ਦੇ ਲਈ ਘਰ ਇਕੱਠੇ ਹੋਏ ਸਨ। ਇਸੇ ਦੌਰਾਨ ਡੇਢ ਮਰਲਾ ਵਿਵਾਦਤ ਜ਼ਮੀਨ ਬਾਰੇ ਗੱਲ ਹੋਈ। ਇਸ ਜ਼ਮੀਨ ਬਾਰੇ ਪਹਿਲਾਂ ਵੀ ਸਮਝੌਤਾ ਹੋ ਚੁੱਕਾ ਹੈ ਤੇ ਧਰਮ ਸਿੰਘ ਨੇ ਭਰਾ ਨਾਨਕ ਨੂੰ ਫਸਲ ਕੱਟਣ ਦੇ ਬਾਅਦ ਜ਼ਮੀਨ ਦੇਣ ਦੀ ਗੱਲ ਕਹੀ ਸੀ, ਪਰ ਲੋਹੜੀ ਵਾਲੇ ਦਿਨ ਜਦ ਧਰਮ ਸਿੰਘ ਆਪਣੇ ਛੋਟੇ ਭਰਾ ਨਾਲ ਬੈਠ ਕੇ ਗੱਲ ਕਰ ਰਿਹਾ ਸੀ ਤਾਂ ਨਾਨਕ ਸਿੰਘ ਨਾਲ ਉਸ ਦਾ ਪਰਵਾਰ ਆਇਆ ਅਤੇ ਤੇਜ਼ਧਾਰ ਹਥਿਆਰ ਨਾਲ ਵਾਰ ਕਰ ਦਿੱਤਾ। ਧਰਮ ਸਿੰਘ ਨੂੰ ਸਾਰਿਆਂ ਨੇ ਹਸਪਤਾਲ ਲਿਆਂਦਾ, ਪਰੰਤੂ ਰਸਤੇ ਵਿੱਚ ਉਸ ਦੀ ਮੌਤ ਹੋ ਗਈ। ਭਿੰਡੀਸੈਦਾ ਥਾਣੇ ਦੇ ਇੰਚਾਰਜ ਹਰਸੰਦੀਪ ਸਿੰਘ ਨੇ ਦੱਸਿਆ ਕਿ ਨਾਨਕ ਸਿੰਘ ਉਸ ਦੇ ਦੋ ਬੇਟਿਆਂ ਅਤੇ ਪਤਨੀ 'ਤੇ ਕੇਸ ਦਰਜ ਕਰ ਕੇ ਗ੍ਰਿਫਤਾਰੀ ਦੇ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

## ਗੁਰਦੁਆਰੇ ਦੀ ਗੋਲਕ ਵਿੱਚੋਂ ਪੈਸੇ ਚੋਰੀ ਕਰਨ ਵਾਲਾ ਗ੍ਰਿਫਤਾਰ

ਬਟਾਲਾ, 15 ਜਨਵਰੀ (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਧੁੱਪਸੜੀ ਦੇ ਗੁਰਦੁਆਰਾ ਸਾਹਿਬ ਵਿਖੇ ਰਾਤ ਨੂੰ ਗੋਲਕ 'ਚੋਂ ਪੈਸੇ ਚੋਰੀ ਕਰਨ ਵਾਲੇ ਨੌਜਵਾਨ ਨੂੰ ਖੇਤਾਂ ਵਿਚੋਂ ਸੇਵਾਦਾਰਾਂ ਨੇ ਫੜ ਕੇ ਪੁਲਸ ਨੂੰ ਸੌਂਪ ਦਿੱਤਾ ਹੈ। ਗੁਰਦੁਆਰਾ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਦੇ ਸਕਿਓਰਟੀ ਗਾਰਡ ਤਰਸੇਮ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਫੈਜ਼ਪੁਰਾ ਨੇ ਦੱਸਿਆ ਕਿ ਉਹ ਜੋੜਾ ਘਰ ਵਿਖੇ ਬੈਠੇ ਸਨ ਕਿ ਗੁਰਦੁਆਰਾ ਸਾਹਿਬ ਦੇ ਅੰਦਰੋਂ ਖੜਾਕ ਦੀ ਆਵਾਜ਼ ਆਈ। ਉਹ ਗੁਰਦੁਆਰਾ ਸਾਹਿਬ ਵੱਲ ਗਏ ਤਾਂ ਦੇਖਿਆ ਕਿ ਕਮਰੇ ਅੰਦਰ ਇਕ ਨੌਜਵਾਨ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਰੱਖੇ ਲੋਹੇ ਦੇ ਤੀਰ ਨਾਲ ਗੋਲਕ ਤੋੜ ਰਿਹਾ ਸੀ। ਇਹ ਦੇਖ ਕੇ ਉਸ ਨੇ ਰੌਲਾ ਪਾਇਆ ਤਾਂ ਹੋਰ ਲੋਕ ਵੀ ਆ ਗਏ, ਜਿਨ੍ਹਾਂ ਨੂੰ ਦੇਖ ਕੇ ਨੌਜਵਾਨ ਇਮਾਰਤ ਦੀ ਖਿੜਕੀ ਵਿੱਚੋਂ ਬਾਹਰ ਭੱਜ ਪਿਆ। ਅਸੀਂ ਦੌੜਦੇ ਨੂੰ ਖੇਤਾਂ ਵਿੱਚੋਂ ਫੜਿਆ ਅਤੇ ਨਾਮ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਅਸ਼ੀਸ਼ ਪੁੱਤਰ ਅਨਿਲ ਵਾਸੀ ਮਾਡਲ ਟਾਊਨ ਬਟਾਲਾ ਦੱਸਿਆ। ਅਸੀਂ ਥਾਣਾ ਸਿਵਲ ਲਾਈਨ ਪੁਲਸ ਨੂੰ ਸੂਚਿਤ ਕੀਤਾ।

## ਗੋਲੀ ਕਾਂਡ ਦੀ ਜਾਂਚ ਕਰਦੀ ਐਸ ਆਈ ਟੀ ਵੱਲੋਂ ਜਾਂਚ ਪੂਰੀ ਹੋਣ ਦਾ ਦਾਅਵਾ

ਫਰੀਦਕੋਟ, 15 ਜਨਵਰੀ (ਪੋਸਟ ਬਿਊਰੋ)- ਸਾਲ 2015 'ਚ ਵਾਪਰੇ ਬੇਅਦਬੀ ਕਾਂਡਾਂ ਦੇ ਦੋਸ਼ੀਆਂ ਦੀ ਗ੍ਰਿਫਤਾਰੀ ਬਾਰੇ ਸਿੱਖ ਜਥੇਬੰਦੀਆਂ ਵੱਲੋਂ ਅਕਤੂਬਰ 2015 'ਚ ਕੋਟਕਪੂਰਾ ਦੇ ਮੁੱਖ ਚੌਕ 'ਚ ਲਾਏ ਧਰਨੇ ਦੌਰਾਨ ਤੇ ਬਹਿਬਲ ਕਲਾਂ ਵਿਖੇ ਹੋਈ ਗੋਲੀਬਾਰੀ ਦੀ ਜਾਂਚ ਲਈ ਬਣਾਈ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੇ ਜਾਂਚ ਮੁਕੰਮਲ ਹੋਣ ਦਾ ਦਾਅਵਾ ਕੀਤਾ ਹੈ। ਕੱਲ੍ਹ ਸਥਾਨਕ ਲੋਕ ਨਿਰਮਾਣ ਵਿਭਾਗ ਦੇ ਗੈਸਟ ਹਾਊਸ ਵਿਖੇ ਸੱਦੀ ਪ੍ਰੈਸ ਕਾਨਫਰੰਸ ਦੌਰਾਨ ਵਿਸ਼ੇਸ਼ ਜਾਂਚ ਟੀਮ ਦੇ ਅਧਿਕਾਰੀ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਦੱਸਿਆ ਕਿ ਮੌਜੂਦਾ ਪੰਜਾਬ ਸਰਕਾਰ ਵੱਲੋਂ ਉਪਰੋਕਤ ਦੋਵਾਂ ਗੋਲੀ ਕਾਂਡਾਂ ਸਬੰਧੀ ਜੋ ਸਿੱਟ ਨੂੰ ਜਾਂਚ ਸੌਂਪੀ ਗਈ ਸੀ, ਉਹ ਲਗਭਗ ਪੂਰੀ ਕਰ ਲਈ ਗਈ ਹੈ।

ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਕਿਹਾ ਕਿ ਅਕਤੂਬਰ 2018 'ਚ ਸਿੱਟ ਵੱਲੋਂ ਇਹ ਜਾਂਚ ਸ਼ੁਰੂ ਕੀਤੀ ਗਈ ਸੀ ਅਤੇ ਇਸ ਦੌਰਾਨ 200 ਦੇ ਕਰੀਬ ਬਿਆਨ ਕਲਮਬੰਦ ਕੀਤੇ ਗਏ ਹਨ, ਜਿਸ ਵਿੱਚ 50 ਦੇ ਕਰੀਬ ਪੁਲਸ ਅਧਿਕਾਰੀਆਂ ਤੇ ਮੁਲਾਜ਼ਮਾਂ ਤੋਂ ਇਲਾਵਾ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਬਾਲੀਵੁੱਡ ਕਲਾਕਾਰ ਅਕਸ਼ੈ ਕੁਮਾਰ ਪ੍ਰਮੁੱਖ ਤੌਰ 'ਤੇ ਸ਼ਾਮਲ ਹਨ, ਜਿਨ੍ਹਾਂ ਤੋਂ ਗਹਿਰਾਈ ਨਾਲ ਪੁੱਛਗਿੱਛ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਜਾਂਚ ਲਈ ਵਿਸ਼ਵ ਦੇ ਪੈਮਾਨੇ ਅਪਣਾਏ ਗਏ ਅਤੇ ਜੇ ਜ਼ਰੂਰਤ ਪਈ ਤਾਂ ਆਧੁਨਿਕ ਤਕਨੀਕ ਦਾ ਵੀ ਸਹਾਰਾ ਲਿਆ ਜਾ ਸਕਦਾ ਹੈ। ਜਿਸ ਵਿੱਚ 'ਲਾਈ ਡਿਟੈਕਟਿਵ ਟੈਸਟ' ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਕੁਝ ਲੋਕਾਂ ਵੱਲੋਂ ਰਿੱਟ ਦਾਇਰ ਕਰਕੇ ਆਪਣੇ ਵਿਰੁੱਧ ਚੱਲਦੀ ਜਾਂਚ ਉਪਰ ਰੋਕ ਲਵਾਈ ਹੋਈ ਹੈ, ਜਿਸ ਕਰਕੇ ਲਗਭਗ ਮੁਕੰਮਲ ਹੋ ਚੁੱਕੀ ਜਾਂਚ ਨੂੰ ਉਹ ਅਦਾਲਤ 'ਚ ਅਜੇ ਦਾਇਰ ਨਹੀਂ ਕਰ ਸਕਦੇ। ਇਨ੍ਹਾਂ ਲੋਕਾਂ ਵਿੱਚ ਸਾਬਕਾ ਐਸ ਐਸ ਪੀ ਚਰਨਜੀਤ ਸ਼ਰਮਾ, ਸਾਬਕਾ ਇੰਸਪੈਕਟਰ ਅਮਰਜੀਤ ਸਿੰਘ ਅਤੇ ਤਿੰਨ ਹੋਰ ਪੁਲਸ ਅਧਿਕਾਰੀ ਸ਼ਾਮਲ ਹਨ, ਜਿਨ੍ਹਾਂ ਵੱਲੋਂ ਹਾਈ ਕੋਰਟ 'ਚੋਂ ਲਏ ਸਟੇਅ ਦੇ ਟੁੱਟਣ ਤੋਂ ਬਾਅਦ ਉਹ ਇਨ੍ਹਾਂ ਨੂੰ ਜਾਂਚ ਵਿੱਚ ਸ਼ਾਮਲ ਕਰਕੇ ਬਾਕੀ ਜਾਂਚ ਮੁਕੰਮਲ ਕਰਨ ਪਿੱਛੋਂ ਚਲਾਨ ਫਰੀਦਕੋਟ ਦੀ ਸੈਸ਼ਨ ਅਦਾਲਤ ਵਿੱਚ ਪੇਸ਼ ਕਰ ਦੇਣਗੇ।

## ਫਸਲ ਦਾ ਨੁਕਸਾਨ ਕਰਦੀ ਗਾਂ ਨੂੰ ਗੱਡੀ ਪਿੱਛੇ ਬੰਨ੍ਹ ਕੇ ਘਸੀਟਿਆ

ਕਾਹਨੂਵਾਨ, 15 ਜਨਵਰੀ (ਪੋਸਟ ਬਿਊਰੋ)- ਖੇਤਾਂ ਵਿੱਚ ਫਸਲਾਂ ਦੇ ਨੁਕਸਾਨ ਤੋਂ ਲੋਕ ਇੰਨੇ ਖਫਾ ਹਨ ਕਿ ਕੁਝ ਲੋਕਾਂ ਨੇ ਗਾਂ ਨੂੰ ਗੱਡੀ ਨਾਲ ਬੰਨ੍ਹ ਕੇ ਬੁਰੀ ਤਰ੍ਹਾਂ ਘਸੀਟਿਆ। ਇਹ ਮਾਮਲਾ ਥਾਣਾ ਭੈਣੀ ਮੀਆਂ ਖਾਨ ਦੇ ਪਿੰਡ ਫੁੱਲੜਾ ਦਾ ਹੈ। ਸੱਤ ਕਿਲੋਮੀਟਰ ਤੱਕ ਘਸੀਟਣ ਦੇ ਕਾਰਨ ਗਾਂ ਬੁਰੀ ਤਰ੍ਹਾਂ ਜ਼ਖਮੀ ਹੋ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਐਤਵਾਰ ਸ਼ਾਮ ਕੁਝ ਲੋਕ ਗੱਡੀ ਪਿੱਛੇ ਇੱਕ ਕਾਲੇ ਰੰਗ ਦੀ ਗਾਂ ਬੰਨ੍ਹ ਕੇ ਨਵੀਂ ਕੀਵੀਂ ਤੋਂ ਪਿੰਡ ਫੁੱਲੜਾ ਵੱਲ ਆ ਰਹੇ ਸਨ। ਉਥੇ ਗੱਡੀ ਦੇ ਪਹੁੰਚਣ 'ਤੇ ਮਨਪ੍ਰੀਤ ਸਿੰਘ ਨੇ ਗਾਂ ਘਸੀਟਦੇ ਹੋਏ ਦੇਖਿਆ ਤਾਂ ਗੱਡੀ ਚਾਲਕਾਂ ਨੂੰ ਰੋਕਣਾ ਚਾਹਿਆ। ਇਸ ਮੌਕੇ ਗੱਡੀ ਦੇ ਸਵਾਰ ਤਿੰਨ ਵਿਅਕਤੀਆਂ ਨੇ ਉਸ 'ਤੇ ਹਮਲਾ ਕਰ ਦਿੱਤਾ। ਮਨਪ੍ਰੀਤ ਨੇ ਪਿੰਡ ਵਾਸੀਆਂ ਦੀ ਮਦਦ ਨਾਲ ਗੱਡੀ ਵਿੱਚ ਬੈਠੇ ਦੋ ਜਣਿਆਂ ਨੂੰ ਕਾਬੂ ਕਰ ਲਿਆ। ਸੂਚਨਾ ਮਿਲਣ ਉੱਤੇ ਥਾਣਾ ਭੈਣੀ ਮੀਆਂ ਖਾਂ ਦੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਦੋਵਾਂ ਨੂੰ ਹਿਰਾਸਤ ਵਿੱਚ ਲੈ ਕੇ ਗੱਡੀ ਨੂੰ ਕਬਜ਼ੇ ਵਿੱਚ ਲੈ ਲਿਆ। ਹਿਰਾਸਤ ਵਿੱਚ ਲਏ ਦੋਵਾਂ ਵਿਅਕਤੀਆਂ ਤੋਂ ਪੁਲਸ ਨੇ ਪੁੱਛਗਿੱਛ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਉਹ ਗਾਂ ਉਨ੍ਹਾਂ ਦੇ ਖੇਤਾਂ ਵਿੱਚ ਫਸਲ ਦਾ ਨੁਕਸਾਨ ਕਰਦੀ ਸੀ, ਇਸ ਲਈ ਗੱਡੀ ਦੇ ਪਿੱਛੇ ਬੰਨ੍ਹ ਕੇ ਦੂਰ ਛੱਡਣ ਚੱਲੇ ਸਨ। ਥਾਣਾ ਇੰਚਾਰਜ ਕੁਲਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਕਾਬੂ ਕੀਤੇ ਵਿਅਕਤੀਆਂ ਦੇ ਖਿਲਾਫ ਸ਼ਿਕਾਇਤ ਨਾ ਮਿਲਣ ਕਾਰਨ ਉਨ੍ਹਾਂ ਨੂੰ ਛੱਡ ਦਿੱਤਾ ਹੈ।

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ
- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

www.AREA REALTOR.com
Multi Award Winner Realtor
CENTURY 21 PRESIDENT
KAMAL SANDHU
Sales Representative
647.891.0143
905.488.2100 ext. 407



## ਇੰਟਰਸੈਪਟ ਮਾਮਲਾ:

# ਅਦਾਲਤ ਨੇ ਕੇਂਦਰ ਸਰਕਾਰ ਨੂੰ ਨੋਟਿਸ ਭੇਜ ਕੇ ਛੇ ਹਫਤੇ ਵਿਚ ਜਵਾਬ ਮੰਗਿਆ

ਨਵੀਂ ਦਿੱਲੀ, 15 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੰਪਿਊਟਰ ਪ੍ਰਣਾਲੀਆਂ ਨੂੰ ਇੰਟਰਸੈਪਟ ਕਰਨ, ਉਨ੍ਹਾਂ 'ਤੇ ਨਜ਼ਰ ਰੱਖਣ ਅਤੇ ਉਨ੍ਹਾਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਲਈ 10 ਏਜੰਸੀਆਂ ਨੂੰ ਅਧਿਕਾਰਤ ਕੀਤੇ ਜਾਣ ਵਾਲੇ ਸਰਕਾਰੀ ਨੋਟੀਫਿਕੇਸ਼ਨ ਦੇ ਵਿਰੁੱਧ ਦਾਇਰ ਪਟੀਸ਼ਨ 'ਤੇ ਕੇਂਦਰ ਨੂੰ ਬੀਤੇ ਦਿਨ ਨੋਟਿਸ ਜਾਰੀ ਕੀਤਾ ਅਤੇ ਛੇ ਹਫਤਿਆਂ ਦੇ ਅੰਦਰ ਇਸ ਦਾ ਜਵਾਬ ਦੇਣ ਲਈ ਕਿਹਾ।

ਮਿਲੀ ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਦੇ 20 ਦਸੰਬਰ ਦੇ ਨੋਟੀਫਿਕੇਸ਼ਨ ਨੂੰ ਚੁਣੌਤੀ ਦਿੰਦੇ ਹੋਏ ਅਦਾਲਤ 'ਚ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਸੀ। ਇਹ ਪਟੀਸ਼ਨ ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਦੇ ਸਾਹਮਣੇ ਪੇਸ਼ ਹੋਈ। ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਸੂਚਨਾ ਤੇ ਟੈਕਨਾਲੋਜੀ ਕਾਨੂੰਨ ਹੇਠ ਕੇਂਦਰ ਦੀਆਂ 10 ਜਾਂਚ ਅਤੇ ਜਾਸੂਸੀ ਏਜੰਸੀਆਂ ਨੂੰ ਕੰਪਿਊਟਰਾਂ ਨੂੰ ਇੰਟਰਸੈਪਟ ਕਰਨ ਅਤੇ ਉਨ੍ਹਾਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਦਾ ਅਧਿਕਾਰ ਪ੍ਰਾਪਤ ਹੋ ਗਿਆ ਹੈ। ਵਕੀਲ ਮਨੋਹਰ ਲਾਲ ਸ਼ਰਮਾ ਨੇ ਆਪਣੀ ਪਟੀਸ਼ਨ 'ਚ ਸਰਕਾਰ ਦੇ ਨੋਟੀਫਿਕੇਸ਼ਨ ਨੂੰ ਗੈਰ-ਕਾਨੂੰਨੀ, ਗੈਰ ਸੰਵਿਧਾਨਕ ਅਤੇ ਕਾਨੂੰਨ ਦੇ ਉਲਟ ਦੱਸਿਆ ਹੈ। ਉਨ੍ਹਾਂ ਨੇ ਇਨ੍ਹਾਂ ਜਾਂਚ ਏਜੰਸੀਆਂ ਨੂੰ ਇਸ ਨੋਟੀਫਿਕੇਸ਼ਨ ਦੇ ਆਧਾਰ 'ਤੇ ਕਿਸੇ ਵਿਅਕਤੀ ਵਿਰੁੱਧ ਸੂਚਨਾ ਟੈਕਨਾਲੋਜੀ ਕਾਨੂੰਨ ਦੀਆਂ ਵਿਵਸਥਾਵਾਂ ਦੇ ਤਹਿਤ ਕਿਸੇ ਵੀ ਕਿਸਮ ਦੀ ਅਪਰਾਧਕ ਕਾਰਵਾਈ ਜਾਂ ਜਾਂਚ ਕਰਨ ਤੋਂ ਰੋਕਣ ਦੀ ਅਪੀਲ ਅਦਾਲਤ ਨੂੰ ਕੀਤੀ ਹੈ।

# ਨਹਿਰੂ-ਐਡਵਿਨਾ ਘਰ ਵਾਂਗ ਰਾਮਸੇਤੂ ਕਿਉਂ ਕੌਮੀ ਵਿਰਾਸਤ ਨਹੀਂ ਐਲਾਨਿਆ : ਸਵਾਮੀ

ਨਵੀਂ ਦਿੱਲੀ, 15 ਜਨਵਰੀ (ਪੋਸਟ ਬਿਊਰੋ)- ਭਾਜਪਾ ਦੇ ਰਾਜ ਸਭਾ ਮੈਂਬਰ ਸੁਬਰਾਮਨੀਅਮ ਸਵਾਮੀ ਹਿੰਦੂ ਅਧਿਕਾਰਾਂ ਦੇ ਵੱਡੇ ਸਮਰਥਕ ਹੋਣ ਦਾ ਦਾਅਵਾ ਕਰਦੇ ਹਨ। ਉਨ੍ਹਾਂ ਨੇ ਨਰਿੰਦਰ ਮੋਦੀ ਸਰਕਾਰ 'ਤੇ ਅਯੁੱਧਿਆ ਵਿੱਚ ਇੱਕ ਸ਼ਾਨਦਾਰ ਰਾਮ ਮੰਦਰ ਦੀ ਉਸਾਰੀ ਸ਼ੁਰੂ ਕਰਨ ਲਈ ਰੈਗੂਲਰ ਤੌਰ 'ਤੇ ਟਵੀਟ ਕਰਨ ਤੋਂ ਬਾਅਦ ਰਾਮਸੇਤੂ ਨੂੰ ਕੌਮੀ ਵਿਰਾਸਤ ਐਲਾਨ ਦਾ ਬੀੜਾ ਚੁੱਕਿਆ ਹੈ। ਇਸ ਵਾਰ ਉਨ੍ਹਾਂ ਨੇ ਵਿਰੋਧੀ ਧਿਰ ਕਾਂਗਰਸ ਨੂੰ ਨਿਸ਼ਾਨਾ ਬਣਾਇਆ ਹੈ।

ਸੁਬਰਾਮਨੀਅਮ ਸਵਾਮੀ ਨੇ ਕਿਹਾ ਕਿ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਬ੍ਰਿਟਿਸ਼ ਭਾਰਤ ਦੇ ਆਖਰੀ ਵਾਇਸਰਾਏ ਦੀ ਪਤਨੀ ਐਡਵਿਨਾ ਮਾਊਂਟਬੈਟਨ ਦੇ ਨਾਜਾਇਜ਼ ਸੰਬੰਧ ਸਨ। ਸੁਬਰਾਮਨੀਅਮ ਨੇ ਟਵੀਟ ਕਰ ਕੇ ਕਿਹਾ ਕਿ ਮੈਨੂੰ ਅਤੇ ਨਿਤਿਨ ਗਡਕਰੀ ਨੂੰ ਸਰਕਾਰ ਨੂੰ



ਸਮਝਾਉਂਦੇ ਹੋਏ ਚਾਰ ਸਾਲ ਹੋ ਗਏ ਕਿ ਉਹ ਸੁਪਰੀਮ ਕੋਰਟ ਨੂੰ ਦੱਸਣ ਕਿ ਸੇਤੂ ਸਮੁੰਦਰਮ ਪ੍ਰੋਜੈਕਟ ਨੂੰ ਖਤਮ ਕਰ ਦਿੱਤਾ ਗਿਆ ਹੈ। ਰਾਮਸੇਤੂ ਕੌਮੀ ਵਿਰਾਸਤ ਯਾਦਗਾਰ ਨਹੀਂ ਹੈ। ਸ਼ਿਮਲਾ ਦੇ ਜਿਸ ਭਵਨ ਵਿੱਚ ਨਹਿਰੂ ਦੇ ਐਡਵਿਨਾ ਨਾਲ ਨਾਜਾਇਜ਼ ਸੰਬੰਧ ਬਣੇ, ਉਸ ਨੂੰ ਕੌਮੀ ਵਿਰਾਸਤ ਐਲਾਨ ਦਿੱਤਾ ਗਿਆ, ਪਰ ਰਾਮਸੇਤੂ ਨੂੰ ਅੱਜ ਤੱਕ ਕੌਮੀ ਵਿਰਾਸਤ ਕਿਉਂ ਨਹੀਂ ਐਲਾਨਿਆ ਗਿਆ।

# ਸੀ ਬੀ ਆਈ ਡਾਇਰੈਕਟਰ ਲਈ ਨਾਗੇਸ਼ਵਰ ਦੀ ਨਿਯੁਕਤੀ ਵਿਰੁੱਧ ਸੁਪਰੀਮ ਕੋਰਟ ਵਿੱਚ ਅਰਜ਼ੀ

ਨਵੀਂ ਦਿੱਲੀ, 15 ਜਨਵਰੀ (ਪੋਸਟ ਬਿਊਰੋ)- ਸੀਨੀਅਰ ਆਈ ਪੀ ਐਸ ਅਫਸਰ ਐਮ ਨਾਗੇਸ਼ਵਰ ਰਾਓ ਨੂੰ ਕੇਂਦਰ ਸਰਕਾਰ ਵੱਲੋਂ ਸੀ ਬੀ ਆਈ ਦਾ ਕਾਰਜਕਾਰੀ ਡਾਇਰੈਕਟਰ ਨਿਯੁਕਤ ਕਰਨ ਵਾਲੇ ਹੁਕਮ ਰੱਦ ਕਰਾਉਣ ਲਈ ਸੁਪਰੀਮ ਕੋਰਟ 'ਚ ਕੱਲ੍ਹ ਪਟੀਸ਼ਨ ਇੱਕ ਦਾਖਲ ਕੀਤੀ ਗਈ ਹੈ। ਇਸ ਅਰਜ਼ੀ ਵਿੱਚ ਮੰਗ ਕੀਤੀ ਗਈ ਹੈ ਕਿ ਕੇਂਦਰ ਸਰਕਾਰ ਨੂੰ ਪੱਕਾ ਸੀ ਬੀ ਆਈ ਡਾਇਰੈਕਟਰ ਨਿਯਮਾਂ ਅਨੁਸਾਰ ਲਾਉਣ ਦੀ ਹਦਾਇਤ ਕੀਤੀ ਜਾਵੇ।

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਉਚ ਤਾਕਤੀ ਕਮੇਟੀ ਨੇ ਆਲੋਕ ਕੁਮਾਰ ਵਰਮਾ ਨੂੰ ਸੀ ਬੀ ਆਈ ਮੁਖੀ ਦੇ ਅਹੁਦੇ ਤੋਂ ਹਟਾਏ ਜਾਣ ਮਗਰੋਂ ਐਡੀਸ਼ਨਲ ਡਾਇਰੈਕਟਰ ਨਾਗੇਸ਼ਵਰ ਰਾਓ ਨੂੰ 10 ਜਨਵਰੀ ਨੂੰ ਜਾਂਚ ਏਜੰਸੀ ਦੇ ਕਾਰਜਕਾਰੀ ਮੁਖੀ ਦਾ ਚਾਰਜ ਸੌਂਪਿਆ ਹੈ। ਇਸ ਸੰਬੰਧ ਵਿੱਚ ਇੱਕ ਗੈਰ ਸਰਕਾਰੀ ਸੰਸਥਾ ਕਾਮਨ ਕਾਜ਼



ਅਤੇ ਆਰ ਟੀ ਆਈ ਕਾਰਕੁਨ ਅੰਜਲੀ ਭਾਰਦਵਾਜ ਨੇ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਹੈ ਕਿ ਸੀ ਬੀ ਆਈ ਦੇ ਡਾਇਰੈਕਟਰ ਦੀ ਨਿਯੁਕਤੀ ਪ੍ਰਕਿਰਿਆ 'ਚ ਪਾਰਦਰਸ਼ਤਾ ਯਕੀਨੀ ਕਰਨ ਲਈ ਵਿਸ਼ੇਸ਼ ਨਿਯਮ ਬਣਾਏ ਜਾਣ। ਇਸ ਪਟੀਸ਼ਨ 'ਚ ਇਹ ਦੋਸ਼ ਲਾਇਆ ਗਿਆ ਹੈ ਕਿ ਨਾਗੇਸ਼ਵਰ ਰਾਓ ਦੀ ਨਿਯੁਕਤੀ ਉਚ ਤਾਕਤੀ ਚੋਣ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਨਹੀਂ ਕੀਤੀ ਗਈ। ਕਮੇਟੀ 'ਚ ਪ੍ਰਧਾਨ ਮੰਤਰੀ, ਸਭ ਤੋਂ ਵੱਡੀ ਵਿਰੋਧੀ ਧਿਰ ਦੇ ਆਗੂ ਤੇ ਦੇਸ਼ ਦੇ ਚੀਫ ਜਸਟਿਸ ਜਾਂ ਉਨ੍ਹਾਂ ਵੱਲੋਂ ਥਾਪਿਆ ਸੁਪਰੀਮ ਕੋਰਟ ਦਾ ਕੋਈ ਜੱਜ ਸ਼ਾਮਲ ਹੁੰਦਾ ਹੈ। ਵਕੀਲ ਪ੍ਰਸ਼ਾਂਤ ਭੂਸ਼ਨ ਰਾਹੀਂ ਦਾਖਲ ਅਰਜ਼ੀ ਵਿੱਚ ਕਿਹਾ ਗਿਆ ਹੈ ਕਿ ਕਮੇਟੀ ਦੀ ਨਾਗੇਸ਼ਵਰ ਰਾਓ ਦੀ ਨਿਯੁਕਤੀ 'ਚ ਕਿਸੇ ਹੋਰ ਦੀ ਕੋਈ ਭੂਮਿਕਾ ਦਿਖਾਈ ਨਹੀਂ ਦਿੰਦੀ ਤੇ ਉਸ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ ਹੈ। ਇਸ ਕਰਕੇ ਇਹ ਨਿਯੁਕਤੀ ਗੈਰਕਾਨੂੰਨੀ ਹੈ ਕਿਉਂਕਿ ਦਿੱਲੀ ਸਪੈਸ਼ਲ ਪੁਲਸ ਇਸਟੈਬਲਿਸ਼ਮੈਂਟ ਐਕਟ ਵਿੱਚ ਤੈਅ ਪ੍ਰਕਿਰਿਆ ਦੀ ਉਲੰਘਣਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ 23 ਅਕਤੂਬਰ ਨੂੰ ਸ੍ਰੀ ਰਾਓ ਨੂੰ ਸੀ ਬੀ ਆਈ ਦਾ ਅੰਤਰਿਮ ਡਾਇਰੈਕਟਰ ਨਿਯੁਕਤ ਕੀਤੇ ਜਾਣ ਨੂੰ ਸੁਪਰੀਮ ਕੋਰਟ ਨੇ ਅੱਠ ਜਨਵਰੀ ਨੂੰ ਖਾਰਜ ਕਰ ਦਿੱਤਾ ਸੀ, ਪਰ ਸਰਕਾਰ ਨੇ ਪੱਖਪਾਤੀ ਅਤੇ ਗੈਰਕਾਨੂੰਨੀ ਢੰਗ ਨਾਲ ਉਨ੍ਹਾਂ ਨੂੰ ਮੁੜ ਅੰਤਰਿਮ ਡਾਇਰੈਕਟਰ ਥਾਪ ਦਿੱਤਾ ਹੈ।

# ਉੱਚ ਜਾਤਾਂ ਵਾਲਾ ਰਿਜ਼ਰਵੇਸ਼ਨ ਬੰਗਾਲ ਵਿੱਚ ਲਾਗੂ ਨਹੀਂ ਹੋਵੇਗਾ

ਕੋਲਕਾਤਾ, 15 ਜਨਵਰੀ (ਪੋਸਟ ਬਿਊਰੋ)- ਉੱਚ ਜਾਤੀ ਦੇ ਗਰੀਬਾਂ ਨੂੰ ਰਾਖਵਾਂਕਰਨ ਦੇਣ ਦਾ ਕਾਨੂੰਨ ਪੱਛਮ ਬੰਗਾਲ ਦੇ ਨਾਗਰਿਕਾਂ ਉੱਤੇ ਹਾਲ ਦੀ ਘੜੀ ਲਾਗੂ ਨਹੀਂ ਹੋਵੇਗਾ। ਸੂਤਰਾਂ ਅਨੁਸਾਰ ਮਮਤਾ ਬੈਨਰਜੀ ਸਰਕਾਰ ਦਾ ਕਹਿਣਾ ਹੈ ਕਿ ਉਹ ਸੁਪਰੀਮ ਕੋਰਟ ਦੇ ਫੈਸਲੇ ਦੀ ਉਡੀਕ ਕਰੇਗੀ। ਇਸ ਤੋਂ ਬਾਅਦ ਇਸ ਨੂੰ ਰਾਜ ਵਿਚ ਲਾਗੂ ਕਰੇਗੀ।

ਵਰਨਣ ਯੋਗ ਹੈ ਕਿ ਜਦੋਂ ਤੋਂ ਕੇਂਦਰ ਦੀ ਭਾਜਪਾ ਸਰਕਾਰ ਨੇ ਆਰਥਕ ਪੱਖ ਤੋਂ ਪਛੜੇ ਲੋਕਾਂ ਲਈ 10 ਫੀਸਦੀ ਰਾਖਵਾਂਕਰਨ ਦੇਣ ਦਾ ਐਲਾਨ ਕੀਤਾ ਹੈ, ਬੰਗਾਲ ਸਰਕਾਰ ਇਸ ਦੇ ਸੰਵਿਧਾਨਕ ਹੋਣ ਉਤੇ ਸਵਾਲ ਚੁੱਕ ਰਹੀ ਹੈ। ਬੀਤੇ ਸ਼ੁੱਕਰਵਾਰ ਮਮਤਾ ਬੈਨਰਜੀ ਨੇ ਨਾਦਿਆ ਵਿਚ ਇਕ ਪ੍ਰਬੰਧਕੀ ਬੈਠਕ ਦੌਰਾਨ ਨਰਿੰਦਰ ਮੋਦੀ ਸਰਕਾਰ ਦੇ ਇਸ ਫੈਸਲੇ ਨਾਲ ਇੱਕੋ ਜਿਹੇ ਵਰਗ ਦੇ ਲੋਕਾਂ ਦੇ ਪ੍ਰਭਾਵਤ ਹੋਣ ਦਾ ਸ਼ੱਕ ਜ਼ਾਹਰ ਕੀਤਾ। ਉਨ੍ਹਾਂ ਕਿਹਾ ਕਿ ਇਸ ਨਾਲ ਆਰਥਕ ਰੂਪ ਤੋਂ ਪਛੜੇ ਵਰਗ ਤੋਂ ਆਉਂਦੇ ਬੱਚਿਆਂ ਲਈ ਸਿੱਖਿਆ ਅਤੇ ਨੌਕਰੀਆਂ ਵਿਚ ਮੌਕੇ ਪਹਿਲਾਂ ਦੀ ਤੁਲਨਾ ਵਿਚ ਘੱਟ ਹੋ ਜਾਣਗੇ। ਉਨ੍ਹਾਂ ਨੇ ਕਿਹਾ ਕਿ ਗਰੀਬ ਉਪ ਵਿਭਾਗ ਦੇ ਹਰ ਸ਼ਖਸ ਦਾ ਪਹਿਲਾ ਮੁਕਾਬਲਾ ਉਸ ਨਾਲ ਹੋਵੇਗਾ, ਜੋ ਹਰ ਮਹੀਨੇ 60 ਹਜ਼ਾਰ ਰੁਪਏ ਤੋਂ ਵੱਧ ਕਮਾਉਂਦਾ ਹੈ। ਅਜਿਹੇ ਵਿਚ ਕਿਸਾਨ ਦੇ ਬੇਟੇ ਨੂੰ ਕਿਵੇਂ ਨੌਕਰੀ ਮਿਲੇਗੀ? ਉਨ੍ਹਾਂ ਨੇ ਉੱਚ ਪੱਧਰੀ ਬੈਠਕ ਬੁਲਾਈ, ਜੋ ਘੰਟਿਆਂ ਤੱਕ ਚੱਲੀ ਅਤੇ ਇਸ ਵਿਚ ਕੁਝ ਅਹਿਮ ਫੈਸਲੇ ਲਏ ਗਏ।

ਪੱਛਮ ਬੰਗਾਲ ਦੇ ਸਿਖਿਆ ਮੰਤਰੀ ਪਾਰਥ ਚਟਰਜੀ ਨੇ ਕਿਹਾ ਕਿ ਅਸੀਂ ਕੋਈ ਸੂਚਨਾ ਜਾਰੀ ਨਹੀਂ ਕੀਤੀ। ਹਾਲੇ ਇਸ ਉਤੇ ਅਸੀਂ ਟਿੱਪਣੀ ਨਹੀਂ ਕਰ ਸਕਦੇ। ਇਸ ਉਤੇ ਕੋਈ ਫਾਈਨਲ ਫੈਸਲਾ ਨਹੀਂ ਲਿਆ। ਇਸ ਕਾਨੂੰਨ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿਤੀ ਗਈ ਹੈ।

# ਕੇਜਰੀਵਾਲ ਦੀ ਧੀ ਨੂੰ ਧਮਕੀ ਦੇਣ ਵਾਲਾ ਫੜ੍ਹਿਆ ਗਿਆ

ਨਵੀਂ ਦਿੱਲੀ, 15 ਜਨਵਰੀ (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਰਵਿੰਦ ਕੇਜਰੀਵਾਲ ਦੀ ਧੀ ਨੂੰ ਧਮਕੀ ਦੇਣ ਵਾਲੇ ਦੀ ਪਛਾਣ ਹੋ ਗਈ ਹੈ। ਦੋਸ਼ੀ ਨੇ ਮੁੱਖ ਮੰਤਰੀ ਵਾਲੇ ਸਰਕਾਰੀ ਈ-ਮੇਲ ਆਈ ਡੀ ਉਤੇ ਧਮਕੀ ਦਾ ਮੇਲ ਭੇਜ ਕੇ ਕੇਜਰੀਵਾਲ ਨੂੰ ਕਿਹਾ ਸੀ ਕਿ ਜੇ ਉਹ ਅਪਣੀ ਧੀ ਨੂੰ ਬਚਾ ਸਕਦੇ ਹਨ ਤਾਂ ਬਚਾ ਲੈਣ, ਉਨ੍ਹਾਂ ਨੂੰ ਅਗਵਾ ਕਰ ਲੈਣਾ ਹੈ। ਸਪੈਸ਼ਲ ਸੈਲ ਦੀ ਸਾਇਬਰ ਯੂਨਿਟ ਦੇ ਮੁਤਾਬਕ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੀ ਧੀ ਨੂੰ ਜਿਸ ਸ਼ਖਸ ਨੇ ਧਮਕੀ ਦਿਤੀ ਹੈ, ਉਸ ਦੀ ਪਛਾਣ ਬਿਹਾਰ ਦੇ ਮੋਤੀਹਾਰੀ ਦੇ ਵਿਕਾਸ ਵਜੋਂ ਹੋਈ ਹੈ। ਸਪੈਸ਼ਲ ਸੈਲ ਨੇ ਦੋਸ਼ੀ ਨੂੰ



ਹਿਰਾਸਤ ਵਿਚ ਲੈ ਲਿਆ ਹੈ ਅਤੇ ਬਿਹਾਰ ਵਿਚ ਪੁੱਛ-ਗਿੱਛ ਕਰ ਰਹੀ ਹੈ।

ਵਰਨਣ ਯੋਗ ਹੈ ਕਿ 9 ਜੁਲਾਈ ਨੂੰ ਮੁੱਖ ਮੰਤਰੀ ਕੇਜਰੀਵਾਲ ਦੀ ਸਰਕਾਰੀ ਈ-ਮੇਲ ਆਈ ਡੀ ਉਤੇ ਇਕ ਮੇਲ ਭੇਜਿਆ ਗਿਆ ਸੀ, ਜਿਸ ਵਿਚ ਉਨ੍ਹਾਂ ਦੀ ਧੀ ਨੂੰ ਅਗਵਾ ਕਰਨ ਦੀ ਧਮਕੀ ਦਿਤੀ ਗਈ ਸੀ। ਇਸ ਪਿੱਛੋਂ ਦਿੱਲੀ ਪੁਲਿਸ ਨੇ ਕੇਜਰੀਵਾਲ ਦੀ ਧੀ ਦੀ ਸੁਰੱਖਿਆ ਲਈ ਇਕ ਪੁਲਸ ਗਾਰਡ ਲਾ ਦਿਤਾ ਅਤੇ ਨਾਲ ਮਾਮਲੇ ਦੀ ਜਾਂਚ ਸਾਈਬਰ ਸੈਲ ਨੂੰ ਸੌਂਪ ਦਿਤੀ ਸੀ। ਦਿੱਲੀ ਪੁਲਿਸ ਦੀ ਸਪੈਸ਼ਲ ਸੈਲ ਦੇ ਇਕ ਅਧਿਕਾਰੀ ਦੇ ਮੁਤਾਬਕ ਪਹਿਲਾਂ ਈ-ਮੇਲ ਉਤੇ ਮੁੱਖ ਮੰਤਰੀ ਕੇਜਰੀਵਾਲ ਦੀ ਧੀ ਨੂੰ ਧਮਕੀ ਦਿਤੀ ਗਈ ਅਤੇ ਦੂਜੇ ਈ-ਮੇਲ ਵਿਚ ਧਮਕੀਬਾਜ਼ ਨੇ ਕਿਹਾ ਕਿ ਉਸ ਨੇ ਮਜਾਕ ਵਿਚ ਧਮਕੀ ਭਰਿਆ ਈ-ਮੇਲ ਭੇਜਿਆ ਹੈ। ਇਸ ਬਾਰੇ ਸ਼ਿਕਾਇਤ ਪਿੱਛੋਂ ਸਾਇਬਰ ਸੈਲ ਨੂੰ ਦੋਸ਼ੀ ਦੀ ਤਲਾਸ਼ ਸੀ।

ਇਸ ਤੋਂ ਪਹਿਲਾਂ ਸਾਲ 2017 ਵਿਚ ਕੇਜਰੀਵਾਲ ਦੇ ਸਰਕਾਰੀ ਈ-ਮੇਲ ਆਈ ਡੀ ਉਤੇ ਮੇਲ ਭੇਜ ਕੇ ਕੇਜਰੀਵਾਲ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਸੀ।

# ਸਬਰੀਮਾਲਾ ਵਿੱਚ ਜਾ ਚੁੱਕੀ ਔਰਤ ਨੂੰ ਸੱਸ ਨੇ ਕੁੱਟ ਕੱਢਿਆ

ਤਿਰੁਅਨੰਤਪੁਰਮ, 15 ਜਨਵਰੀ (ਪੋਸਟ ਬਿਊਰੋ)- ਸਬਰੀਮਾਲਾ ਮੰਦਰ ਦੀਆਂ ਪਰੰਪਰਾਵਾਂ ਨੂੰ ਤੋੜ ਕੇ ਉਥੇ ਪੂਜਾ ਲਈ ਜਾਣ ਵਾਲੀ ਇਕ ਔਰਤ ਨੇ ਮੰਗਲਵਾਰ ਨੂੰ ਆਪਣੀ ਸੱਸ ’ਤੇ ਕੁੱਟਮਾਰ ਦਾ ਦੋਸ਼ ਲਾਇਆ ਹੈ। ਮਿਲੀ ਜਾਣਕਾਰੀ ਅਨੁਸਾਰ ਸਬਰੀਮਾਲਾ ਮੰਦਰ ’ਚ ਭਗਵਾਨ ਅਯੱਪਾ ਦੇ ਦਰਸ਼ਨ ਪਿੱਛੋਂ 44 ਸਾਲਾ ਕਨਕਦੁਰਗਾ ਸੁਰੱਖਿਆ ਕਾਰਨਾਂ ਕਰ ਕੇ ਪਿਛਲੇ 2 ਹਫਤਿਆਂ ਤੋਂ ਲੁਕੀ ਹੋਈ ਸੀ ਤੇ ਮੰਗਲਵਾਰ ਸਵੇਰ ਪੇਰਿਨਥਲਮੰਨਾ ਵਿੱਚ ਆਪਣੇ ਘਰ ਪੁੱਜੀ। ਪੁਲਸ ਦੇ ਅਨੁਸਾਰ ਘਰ ਜਾਂਦੇ ਸਾਰ ਕਨਕਦੁਰਗਾ ਦੀ ਸਹੁਰੇ ਪਰਿਵਾਰ ਨਾਲ ਬਹਿਸ ਹੋ ਗਈ, ਕਿਉਂਕਿ ਉਹ ਮੰਦਰ ’ਚ ਉਸ ਦੇ ਜਾਣ ਦਾ ਜ਼ੋਰਦਾਰ ਵਿਰੋਧ ਕਰ ਰਹੇ ਸਨ। ਪੁਲਸ ਨੇ ਦੱਸਿਆ ਕਿ ਕਨਕਦੁਰਗਾ ਦੀ ਸੱਸ ਨੇ ਉਸ ਦੀ ਕੁੱਟਮਾਰ ਕੀਤੀ ਅਤੇ ਉਸ ਨੂੰ ਹਸਪਤਾਲ ਦਾਖਲ ਕਰਾਉਣਾ ਪਿਆ। ਉਨ੍ਹਾਂ ਦੱਸਿਆ ਕਿ ਕਨਕਦੁਰਗਾ ਦੇ ਸਿਰ ’ਤੇ ਸੱਟ ਲੱਗੀ ਤੇ ਮੱਲਪੁਰਮ ਜ਼ਿਲੇ ਦੇ ਸਰਕਾਰੀ ਹਸਪਤਾਲ ’ਚ ਦਾਖਲ ਕਰਵਾਇਆ ਹੈ। ਉਸ ਨੇ ਟੀ ਵੀ ਚੈਨਲਾਂ ਨੂੰ ਦੱਸਿਆ ਕਿ ‘ਮੇਰੀ ਸੱਸ ਨੇ ਮੈਨੂੰ ਬੁਰੀ ਤਰ੍ਹਾਂ ਕੁੱਟਿਆ।’ ਉਸ ਦੀ ਬੁੱਢੀ ਸੱਸ ਨੂੰ ਵੀ ਹਸਪਤਾਲ ਦਾਖਲ ਕਰਾਇਆ ਗਿਆ ਹੈ, ਜਿਸ ਨੇ ਬਾਅਦ ਵਿੱਚ ਦੋਸ਼ ਲਾਇਆ ਕਿ ਕਨਕਦੁਰਗਾ ਨੇ ਉਸ ਦੀ ਕੁੱਟਮਾਰ ਕੀਤੀ ਹੈ। ਕਨਕਦੁਰਗਾ ਦੇ ਸਹੁਰੇ ਪਰਿਵਾਰ ਦੇ ਨਾਲ ਪੇਕੇ ਵਾਲੇ ਵੀ ਮੰਦਰ ’ਚ ਪ੍ਰਵੇਸ਼ ਦੇ ਉਸ ਦੇ ਫੈਸਲੇ ਦਾ ਵਿਰੋਧ ਕਰ ਰਹੇ ਹਨ।

# ਪਾਕਿਸਤਾਨੀ ਸਨਾਈਪਰ ਦੀ ਗੋਲੀ ਨਾਲ ਬੀ ਐੱਸ ਐੱਫ ਕਮਾਂਡੈਂਟ ਦੀ ਮੌਤ

ਸ਼੍ਰੀਨਗਰ, 15 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨੀ ਖੁਫੀਆ ਏਜੰਸੀ ਆਈ ਐਸ ਆਈ ਅਤੇ ਪਾਕਿ ਰੇਂਜਰਸ ਦੀ ਚਾਲ ਇਕ ਵਾਰ ਫਿਰ ਸਰਹੱਦ ਉਤੇ ਵਿਖਾਈ ਦਿਤੀ ਹੈ। ਅੱਜ ਪਾਕਿ ਫੌਜ ਨੇ ਬੀ ਐਸ ਐਫ ਦੇ ਇਕ ਅਫਸਰ ਉੱਤੇ ਛੁਪ ਕੇ ਸਨਾਈਪਰ ਨਾਲ ਹਮਲਾ ਕੀਤਾ ਹੈ, ਜਿਸ ਵਿੱਚ ਬੀ ਐਸ ਐਫ ਦਾ ਅਫਸਰ ਮਾਰਿਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਮੰਗਲਵਾਰ ਸਵੇਰੇ ਬੀ ਐਸ ਐਫ ਦੇ ਕਮਾਂਡੈਂਟ ਫਤਿਹ ਪ੍ਰਸਾਦ ਕਠੂਆ ਸੈਕਟਰ ਦੇ



ਬਾਰਡਰ ਉੱਤੇ ਏਰੀਆ ਡੋਮੀਨੇਸ਼ਨ ਲਈ ਅਪਣੀ ਟੀਮ ਦੇ ਨਾਲ ਨਿਕਲੇ ਸਨ। ਅਚਾਨਕ ਸਰਹਦ ਦੇ ਪਾਰ ਉਚਾਈ ਉੱਤੇ ਬੈਠੇ ਸਨਾਈਪਰ ਨੇ ਹਮਲਾ ਕਰ ਦਿਤਾ, ਜਿਸ ਵਿੱਚ ਬੀ ਐਸ ਐਫ ਅਸਿਸਟੈਂਟ ਕਮਾਂਡੈਂਟ ਜਖ਼ਮੀ ਹੋ ਗਏ। ਉਨ੍ਹਾਂ ਨੂੰ ਜੰਮੂ ਦੇ ਹਸਪਤਾਲ ਭਰਤੀ ਕਰਾਇਆ ਗਿਆ, ਜਿੱਥੇ ਉਨ੍ਹਾਂ ਨੇ ਆਖਰੀ ਸਾਹ ਲਿਆ।

ਪਿਛਲੇ ਸਾਲ ਵੀ ਇੰਟਰਨੈਸ਼ਨਲ ਬਾਰਡਰ ਅਤੇ ਲਾਈਨ ਆਫ ਕੰਟਰੋਲ ਦੇ ਪਾਰੋਂ ਪਾਕਿਸਤਾਨੀ ਫੌਜ ਅਤੇ ਪਾਕਿ ਰੇਂਜਰਸ ਲਗਾਤਾਰ ਭਾਰਤੀ ਸੁਰੱਖਿਆ ਬਲਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਭਾਰਤੀ ਗ੍ਰਹਿ ਮੰਤਰਾਲਾ ਦੇ ਸੂਤਰਾਂ ਮੁਤਾਬਕ ਪਿਛਲੇ ਸਾਲ ਪਾਕਿਸਤਾਨ ਦੇ ਸਨਾਈਪਰ ਦੀ ਗੋਲੀ ਦਾ ਨਿਸ਼ਾਨਾ 14 ਸੁਰੱਖਿਆ ਕਰਮੀ ਹੋਏ ਸਨ। ਇਸ ਸਾਲ ਬੀ ਐਸ ਐਫ ਦੇ ਇਸ ਅਧਿਕਾਰੀ ਨੂੰ ਪਾਕਿ-ਸਤਾਨ ਸਨਾਈਪਰ ਟੀਮ ਨੇ ਨਿਸ਼ਾਨਾ ਬਣਾਇਆ ਹੈ। ਪਤਾ ਲੱਗਾ ਹੈ ਕਿ ਪਾਕਿਸਤਾਨੀ ਖੁਫੀਆ ਏਜੰਸੀ ਆਈ ਐਸ ਆਈ ਅਤੇ ਪਾਕਿਸਤਾਨੀ ਫੌਜ ਮਿਲ ਕੇ ਭਾਰਤੀ ਸੁਰੱਖਿਆ ਫੋਰਸਾਂ ਨੂੰ ਨਿਸ਼ਾਨਾ ਬਣਾਉਣ ਲਈ ਸਨਾਈਪਰ ਟੀਮ ਨੂੰ ਟ੍ਰੇਨਿੰਗ ਦੇ ਰਹੇ ਹਨ। ਇਸ ਦੇ ਲਈ ਪਾਕਿਸਤਾਨ ਨੇ ਬਕਾਇਦਾ ਬ੍ਰਿਟੇਨ ਤੋਂ ਲਾਇਟ ਸਨਾਈਪਰ ਰਾਇਫਲ ਖਰੀਦੇ ਹਨ, ਜਿਨ੍ਹਾਂ ਦੀ ਗਿਣਤੀ ਕਰੀਬ 600 ਦੇ ਨੇੜੇ ਤੇੜੇ ਦੱਸੀ ਜਾਂਦੀ ਹੈ।

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

PLATINUM MORTGAGES
FOR ALL MORTGAGE NEEDS

QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING
Professional & Quality Service Guaranteed





Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4

FIRST CHOICE FINANCIAL LIMITED
TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

◆ Insurance ◆

Punjab Insurance Inc

- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA



Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca



UPPAL LAW
FREE CONSULTATION !





Avtar Uppal
Manager
Aman Uppal
BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



# ਭਾਰਤੀ ਮੂਲ ਦੇ ਸਲਾਹਕਾਰ ਨੇ ਟਰੰਪ ਪ੍ਰਸ਼ਾਸਨ ਛੱਡਿਆ




ਵਾਸ਼ਿੰਗਟਨ, 15 ਜਨਵਰੀ (ਪੋਸਟ ਬਿਊਰੋ)- ਵ੍ਹਾਈਟ ਹਾਊਸ ਦੇ ਪ੍ਰੈੱਸ ਦਫ਼ਤਰ ਵਿੱਚ ਨਿਯੁਕਤ ਹੋਏ ਪਹਿਲੇ ਭਾਰਤੀ-ਅਮਰੀਕੀ ਰਾਜ ਸ਼ਾਹ (34) ਨੇ ਆਪਣਾ ਅਹੁਦਾ ਛੱਡ ਦਿੱਤਾ ਹੈ। ਇਸ ਪਿੱਛੋਂ ਉਹ ਫਲੋਰਿਡਾ ਦੀ ਇੱਕ ਲਾਬਿੰਗ ਫਰਮ 'ਬੈਲਾਰਡ ਪਾਰਟਨਰਸ' ਦਾ ਹਿੱਸਾ ਬਣਨ ਲੱਗੇ ਹਨ। ਉਨ੍ਹਾਂ ਦਾ ਅਸਤੀਫ਼ਾ ਉਸ ਸਮੇਂ ਆਇਆ ਹੈ ਜਦੋਂ ਕਈ ਅਧਿਕਾਰੀ ਤੇ ਮੰਤਰੀ ਆਪਣਾ ਅਹੁਦਾ ਛੱਡ ਚੁੱਕੇ ਹਨ। ਵ੍ਹਾਈਟ ਹਾਊਸ ਦੇ ਪ੍ਰੈੱਸ ਤੇ ਸੰਚਾਰ ਟੀਮ ਦੇ ਕਈ ਅਧਿਕਾਰੀ ਵੀ ਅਸਤੀਫ਼ਾ ਦੇ ਚੁੱਕੇ ਹਨ। ਕੁਝ ਲੋਕਾਂ ਦਾ ਤਬਾਦਲਾ ਹੋ ਗਿਆ ਹੈ।

ਗੁਜਰਾਤੀ ਪਰਿਵਾਰ ਵਿੱਚ ਪੈਦਾ ਹੋਏ 2017 ਵਿੱਚ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਤੋਂ ਉਨ੍ਹਾਂ ਦੇ ਪ੍ਰਸ਼ਾਸਨ ਦਾ ਹਿੱਸਾ ਸਨ। ਉਨ੍ਹਾਂ ਨੂੰ ਡਿਪਟੀ ਸੰਚਾਰ ਡਾਇਰੈਕਟਰ ਦਾ ਅਹੁਦਾ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਉਹ ਰਿਪਬਲਿਕਨ ਨੈਸ਼ਨਲ ਕਮੇਟੀ ਦੇ ਰਿਸਰਚ ਵਿਭਾਗ ਦੇ ਡਾਇਰੈਕਟਰ ਸਨ। ਉਨ੍ਹਾਂ ਨੇ ਬ੍ਰੈਟ ਐੱਮ ਕੈਵਨਾਗ ਨੂੰ ਸੁਪਰੀਮ ਕੋਰਟ ਦਾ ਜੱਜ ਬਣਾਉਣ ਦੀ ਪ੍ਰਕਿਰਿਆ ਵਿੱਚ ਮਹੱਤਵ ਪੂਰਨ ਭੂਮਿਕਾ ਨਿਭਾਈ ਸੀ। ਉਹ ਬੈਲਾਰਡ ਪਾਰਟਨਰਸ ਦੇ ਮੀਡੀਆ ਗਰੁੱਪ ਦੀ ਅਗਵਾਈ ਕਰਨਗੇ। ਉਨ੍ਹਾਂ ਨਾਲ ਡੈਮੋਕਰੇਟਿਕ ਨੇਤਾ ਜੈਮੀ ਰੁਬਿਨ ਵੀ ਕੰਮ ਕਰਨਗੇ। ਰੁਬਿਨ ਸਾਬਕਾ ਵਿਦੇਸ਼ ਮੰਤਰੀ ਮੈਡੇਲੀਨ ਅਲਬ੍ਰਾਈਟ ਦੇ ਬੁਲਾਰੇ ਰਹੇ ਸਨ।

ਅਟਾਰਨੀ ਜਨਰਲ ਜੈਫ ਸੈਸ਼ਨਸ ਦੀ ਬਰਖ਼ਾਸਤਗੀ ਪਿੱਛੋਂ ਪਿਛਲੇ ਮਹੀਨੇ ਸਾਬਕਾ ਰੱਖਿਆ ਮੰਤਰੀ ਜੇਮਜ਼ ਮੈਟਿਸ ਨੇ ਕੈਬਨਿਟ ਤੋਂ ਅਸਤੀਫ਼ਾ ਦਿੱਤਾ ਸੀ। ਅਕਤੂਬਰ 'ਚ ਯੂ ਐਨ ਓ ਵਿੱਚ ਅਮਰੀਕੀ ਰਾਜਦੂਤ ਭਾਰਤਵੰਸ਼ੀ ਨਿੱਕੀ ਹੇਲੀ ਨੇ ਅਸਤੀਫ਼ਾ ਦੇ ਦਿੱਤਾ ਸੀ। ਪਿਛਲੇ ਸਾਲ ਮਾਰਚ 'ਚ ਰੈਕਸ ਟਿਲਰਸਨ ਨੂੰ ਵਿਦੇਸ਼ ਮੰਤਰੀ ਅਤੇ ਐੱਚ ਆਰ ਮੈਕਮਾਸਟਰ ਨੂੰ ਕੌਮੀ ਸੁਰੱਖਿਆ ਸਲਾਹਕਾਰ ਦੇ ਅਹੁਦੇ ਤੋਂ ਹਟਾਇਆ ਗਿਆ ਸੀ।

# ਪਾਕਿਸਤਾਨ ਵਿੱਚ ਫਿਰ ਭਾਰਤੀ ਰਾਜਦੂਤਾਂ ਦਾ ਪਿੱਛਾ ਕੀਤਾ ਗਿਆ

ਇਸਲਾਮਾਬਾਦ, 15 ਜਨਵਰੀ (ਪੋਸਟ ਬਿਊਰੋ)- ਭਾਰਤ ਅਤੇ ਪਾਕਿਸਤਾਨ ਇਕ ਵਾਰ ਫਿਰ ਰਾਜਦੂਤਾਂ ਨਾਲ ਹੋਣ ਵਾਲੇ ਵਰਤਾਅ ਬਾਰੇ ਆਹਮੋ-ਸਾਹਮਣੇ ਆ ਗਏ ਹਨ। ਇਸ ਮਸਲੇ ਨੂੰ ਜਾਣਨ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਦੇ ਸੁਰੱਖਿਆ ਅਧਿਕਾਰੀਆਂ ਨੇ ਭਾਰਤੀ ਦੂਤ ਤੇ ਉਨ੍ਹਾਂ ਦੇ ਡਿਪਟੀ ਨਾਲ ਗੁਸੈਲ ਵਿਹਾਰ ਕੀਤਾ ਹੈ।

ਪਾਕਿਸਤਾਨ ਵਿਚ ਭਾਰਤੀ ਹਾਈ ਕਮਿਸ਼ਨ ਨੇ ਪਾਕਿਸਤਾਨ ਦੇ ਵਿਦੇਸ਼ ਮੰਤਰਾਲਾ ਦੇ ਇਕ ਸੁਰੱਖਿਆ ਅਧਿਕਾਰੀ ਦੇ ਖਿਲਾਫ਼ ਆਪਣੇ ਦੂਤ ਨਾਲ ਗਲਤ ਵਰਤਾਅ ਅਤੇ ਉਸ ਦੇ ਸੋਸ਼ਲ ਮੀਡੀਆ ਅਕਾਊਂਟ ਨੂੰ ਹੈਕ ਕਰਨ ਦੀ ਕੋਸ਼ਿਸ਼ ਬਾਰੇ 10 ਜਨਵਰੀ ਨੂੰ ਰਸਮੀ ਸ਼ਿਕਾਇਤ ਦਰਜ ਕਰਾਈ ਸੀ। ਭਾਰਤੀ ਦੂਤਘਰ ਪਿਛਲੇ ਮਹੀਨੇ ਦੋ ਵਾਰ ਪਾਕਿਸਤਾਨੀ ਵਿਦੇਸ਼ ਮੰਤਰਾਲਾ ਕੋਲ ਰਸਮੀ ਸ਼ਿਕਾਇਤ ਕਰ ਚੁੱਕਾ ਹੈ। ਪਿਛਲੇ ਮਹੀਨੇ ਪਾਕਿਸਤਾਨ ਵਿਚ ਭਾਰਤ ਦੇ ਸੈਕਿੰਡ ਸਕੱਤਰ ਦੇ ਘਰ ਦੀ ਬਿਜਲੀ ਕੱਟ ਦਿਤੀ ਗਈ ਸੀ।



ਦੂਸਰੇ ਪਾਸੇ ਐਤਵਾਰ ਦਿੱਲੀ ਵਿੱਚ ਪਾਕਿਸਤਾਨੀ ਹਾਈ ਕਮਿਸ਼ਨ ਅੱਗੇ ਵਿਰੋਧ ਦਰਜ ਕਰਵਾਇਆ ਗਿਆ। ਇੱਕ ਮਹਿਲਾ ਨੇ ਪਾਕਿਸਤਾਨੀ ਦੂਤ 'ਤੇ ਬਾਜ਼ਾਰ ਵਿਚ ਉਸ ਨੂੰ ਗਲਤ ਢੰਗ ਨਾਲ ਛੂਹਣ ਦਾ ਦੋਸ਼ ਲਾਇਆ ਸੀ। ਪਾਕਿਸਤਾਨ ਦੇ ਅਧਿਕਾਰੀ ਨੇ ਸਰੋਜਿਨੀ ਨਗਰ ਮਾਰਕੀਟ ਵਿਚ ਮਹਿਲਾ ਨੂੰ ਗਲਤ ਤਰੀਕੇ ਨਾਲ ਛੂਹਿਆ ਸੀ, ਜਿਸ ਦੀ ਉਸ ਨੇ ਨੇੜਲੇ ਥਾਣੇ ਨੂੰ ਸ਼ਿਕਾਇਤ ਕੀਤੀ ਸੀ। ਪਾਕਿਸਤਾਨ ਦੇ ਸਟਾਫਰ ਦਾ ਕਹਿਣਾ ਹੈ ਕਿ ਬਾਜ਼ਾਰ ਵਿਚ ਭੀੜ ਹੋਣ ਕਾਰਨ ਗਲਤੀ ਨਾਲ ਉਸ ਦਾ ਹੱਥ ਮਹਿਲਾ ਨੂੰ ਛੂਹ ਗਿਆ ਸੀ। ਉਸ ਅਧਿਕਾਰੀ ਨੇ ਲਿਖਤੀ ਮੁਆਫ਼ੀ ਮੰਗ ਲਈ ਸੀ, ਜਿਸ ਕਾਰਨ ਇਹ ਕੇਸ ਬੰਦ ਹੋ ਗਿਆ ਸੀ। ਇਸ ਦੌਰਾਨ ਭਾਰਤ ਨੇ ਪਾਕਿਸਤਾਨੀ ਵਿਦੇਸ਼ ਮੰਤਰਾਲਾ ਕੋਲ ਦਰਜ ਕਰਾਏ ਵਿਰੋਧ ਵਿਚ ਕਿਹਾ ਕਿ ਪਾਕਿਸਤਾਨ ਦੇ ਇਕ ਸੁਰਖਿਆ ਅਧਿਕਾਰੀ ਨੇ ਭਾਰਤੀ ਹਾਈ ਕਮਿਸ਼ਨਰ ਤੇ ਡਿਪਟੀ ਹਾਈ ਕਮੀਸ਼ਨਰ ਦਾ ਪਿੱਛਾ ਕੀਤਾ ਤੇ ਉਨ੍ਹਾਂ ਉਤੇ ਸਖ਼ਤ ਨਜ਼ਰ ਰੱਖੀ, ਜਦੋਂ ਉਹ ਇਕ ਵਿਆਹ ਦੇ ਰਿਸੈਪਸ਼ਨ ਵਿਚ ਹਿੱਸਾ ਲੈਣ ਲਈ 4 ਦਸੰਬਰ ਨੂੰ ਹੋਟਲ ਪੁੱਜੇ ਸਨ।

ਭਾਰਤੀ ਪੱਖ ਨੇ ਸੈਕਿੰਡ ਸਕੱਤਰ ਦੇ ਸੋਸ਼ਲ ਮੀਡੀਆ ਅਕਾਊਂਟ ਨੂੰ ਹੈਕ ਕਰਨ ਦੀਆਂ ਕੋਸ਼ਿਸ਼ਾਂ ਦੀ ਵੀ ਸ਼ਿਕਾਇਤ ਕੀਤੀ ਹੈ। ਸੈਕਿੰਡ ਸਕੱਤਰ ਦੇ ਇਕ ਰਿਸ਼ਤੇਦਾਰ ਦੇ ਅਕਾਊਂਟ ਨੂੰ ਵੀ ਹੈਕ ਕਰਨ ਦੀ ਕੋਸ਼ਿਸ਼ ਹੋਈ ਹੈ। ਸੈਕਟਰੀ ਨੂੰ ਫ਼ੇਸਬੁਕ ਤੋਂ ਕਈ ਈਮੇਲ ਮਿਲੇ ਕਿ ਕੋਈ ਅਣਪਛਾਤੇ ਲੋਕ ਉਨ੍ਹਾਂ ਦਾ ਅਕਾਊਂਟ ਲਾਗ-ਇਨ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

## ਟਰੱਸਟ ਨੇ ਪਿਸ਼ਾਵਰ ਪ੍ਰਸ਼ਾਸਨ ਨੂੰ ਪੰਜ ਤੀਰਥਾਂ ਦਾ ਕੰਟਰੋਲ ਹੱਥਾਂ 'ਚ ਲੈਣ ਤੋਂ ਰੋਕਿਆ

Evacuee Trust Property Board
LAHORE

ਪਿਸ਼ਾਵਰ, 15 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਇਵੈਕੁਈ ਪ੍ਰਾਪਰਟੀ ਟਰੱਸਟ ਬੋਰਡ, ਜਿਹੜਾ ਹਿੰਦੂਆਂ ਤੇ ਸਿੱਖਾਂ ਦੇ ਧਾਰਮਿਕ ਸਥਾਨਾਂ ਦੀ ਦੇਖ ਰੇਖ ਕਰਦਾ ਹੈ, ਨੇ ਪਿਸ਼ਾਵਰ ਦੇ ਜ਼ਿਲਾ ਪ੍ਰਸ਼ਾਸਨ ਨੂੰ ਪੰਜ ਤੀਰਥ ਵਿੱਚ ਮੰਦਰਾਂ ਦਾ ਕੰਟਰੋਲ ਹੱਥਾਂ ਵਿੱਚ ਲੈਣ ਤੋਂ ਰੋਕ ਦਿੱਤਾ ਹੈ। ਪੰਜ ਤੀਰਥ ਇਕ ਹਿੰਦੂ ਤੀਰਥ ਸਥਾਨ ਹੈ, ਜਿਸ ਨੂੰ ਕੌਮੀ ਵਿਰਾਸਤ ਐਲਾਨਿਆ ਗਿਆ ਸੀ ਤੇ ਉਸ ਉੱਤੇ ਪ੍ਰਸ਼ਾਸਨ ਦੀ ਨਜ਼ਰ ਹੈ।

ਟਰੱਸਟ ਬੋਰਡ ਨੇ ਕਿਹਾ ਕਿ ਜਦੋਂ ਤੱਕ ਪਿਸ਼ਾਵਰ ਹਾਈ ਕੋਰਟ ਵਿੱਚ ਸੁਣਵਾਈ ਹੇਠ ਦੋ ਕੇਸਾਂ ਦਾ ਫੈਸਲਾ ਨਹੀਂ ਹੋ ਜਾਂਦਾ, ਉਦੋਂ ਤੱਕ ਕੋਈ ਵੀ ਪੰਜ ਤੀਰਥ ਵਿੱਚ ਮੰਦਰਾਂ ਦਾ ਕੰਟਰੋਲ ਆਪਣੇ ਹੱਥ ਨਹੀਂ ਲੈ ਸਕਦਾ। ਪਿਸ਼ਾਵਰ ਵਿੱਚ ਇਵੈਕੁਈ ਪ੍ਰਾਪਟੀ ਟਰੱਸਟ ਬੋਰਡ ਦੇ ਡਿਪਟੀ ਡਾਇਰੈਕਟਰ ਨੇ ਡਿਪਟੀ ਕਮਿਸ਼ਨਰ ਨੂੰ ਭੇਜੇ ਇੱਕ ਸੰਦੇਸ਼ ਵਿੱਚ ਕਿਹਾ ਕਿ ਖੈਬਰ ਪਖਤੂਨਖਵਾ ਪੁਰਾਤੱਤਵ ਵਿਭਾਗ ਨੇ ਪੰਜ ਤੀਰਥ ਵਿੱਚ ਮੰਦਰਾਂ ਨੂੰ ਕੌਮੀ ਵਿਰਾਸਤ ਐਲਾਨਿਆ ਹੈ, ਪਰ ਬੋਰਡ ਨੂੰ ਅੱਜ ਦੀ ਤਾਰੀਕ ਤੱਕ ਇਸ ਬਾਰੇ ਕੋਈ ਲਿਖਤੀ ਜਾਣਕਾਰੀ ਨਹੀਂ ਦਿੱਤੀ ਗਈ। ਇਸ ਦਾ ਕਹਿਣਾ ਹੈ ਕਿ ਮੰਦਰ, ਟਰੱਸਟ ਬੋਰਡ ਦੀ ਜਾਇਦਾਦ ਹੈ ਅਤੇ ਟਰੱਸਟ ਬੋਰਡ ਨੂੰ ਭਰੋਸੇ ਵਿੱਚ ਲਏ ਬਿਨਾਂ ਮੰਦਰਾਂ ਨੂੰ ਕੌਮੀ ਵਿਰਾਸਤ ਐਲਾਨਣਾ ਕਿਸੇ ਤਰਕ ਤੋਂ ਦੂਰ ਦੀ ਗੱਲ ਹੈ। ਟਰੱਸਟ ਬੋਰਡ ਫੈਡਰਲ ਵਿਭਾਗ ਹੈ, ਜਿਸ ਦੇ ਆਪਣੇ ਕਾਇਦੇ ਕਾਨੂੰਨ ਹਨ ਅਤੇ ਕੋਈ ਵੀ ਸੂਬਾ ਸਰਕਾਰ ਇਹ ਸਾਬਤ ਨਹੀਂ ਕਰ ਸਕਦੀ ਕਿ ਉਸ ਦੇ ਕਾਨੂੰਨ ਫੈਡਰਲ ਸਰਕਾਰ ਦੇ ਕਾਨੂੰਨਾਂ ਤੋਂ ਉਪਰ ਹਨ।

## ਤਾਇਵਾਨ ਨੂੰ ਪਣਡੁੱਬੀ ਤਕਨੀਕ ਦੇਣ ਉੱਤੇ ਚੀਨ ਭੜਕਿਆ



ਬੀਜਿੰਗ, 15 ਜਨਵਰੀ (ਪੋਸਟ ਬਿਊਰੋ)- ਤਾਇਵਾਨ ਨੂੰ ਪਣਡੁੱਬੀ ਬਣਾਉਣ ਦੀ ਤਕਨੀਕ ਦੇਣ ਦੇ ਕੇਸ ਵਿੱਚ ਚੀਨ ਨੇ ਭਾਰਤ, ਅਮਰੀਕਾ ਤੇ ਹੋਰਨਾਂ ਦੇਸ਼ਾਂ ਨੂੰ ਮਾੜੇ ਨਤੀਜੇ ਭੁਗਤਣ ਦੀ ਚਿਤਾਵਨੀ ਦਿੱਤੀ ਤੇ ਕਿਹਾ ਹੈ ਕਿ ਪਣਡੁੱਬੀ ਤਕਨੀਕ ਦਾ ਟਰਾਂਸਫਰ ਨਾ ਰੁਕਿਆ ਤਾਂ ਉਸ ਦੇ ਭਾਰਤ ਸਮੇਤ ਉਨ੍ਹਾਂ ਦੇਸ਼ਾਂ ਨਾਲ ਦੁਵੱਲੇ ਸਬੰਧ ਵਿਗੜ ਜਾਣਗੇ ਜੋ ਇਸ ਕੰਮ 'ਚ ਸ਼ਾਮਲ ਹਨ। ਗੁਆਂਢੀ ਦੇਸ਼ ਤਾਇਵਾਨ ਨੂੰ ਚੀਨ ਆਪਣਾ ਹਿੱਸਾ ਮੰਨਦਾ ਹੈ ਤੇ ਉਸ ਨਾਲ ਸਬੰਧ ਰੱਖਣ ਵਾਲੇ ਦੇਸ਼ਾਂ ਪ੍ਰਤੀ ਨਫਰਤ ਦੀ ਭਾਵਨਾ ਰੱਖਦਾ ਹੈ, ਜਿਸ ਕਾਰਨ ਤਨਾਅ ਬਣਿਆ ਰਹਿੰਦਾ ਹੈ।

ਪਤਾ ਲੱਗਾ ਹੈ ਕਿ ਤਾਇਵਾਨ ਦੀ ਪਣਡੁੱਬੀ ਬਣਾਉਣ ਦੀ ਯੋਜਨਾ ਨੂੰ ਪੂਰਾ ਕਰਨ ਲਈ ਜਿਨ੍ਹਾਂ ਛੇ ਕੰਪਨੀਆਂ ਨੇ ਡਿਜ਼ਾਈਨ ਸੌਂਪਿਆ ਹੈ, ਉਨ੍ਹਾਂ ਵਿੱਚ ਇਕ ਭਾਰਤ ਦੀ ਕੰਪਨੀ ਵੀ ਹੈ। ਹੋਰ ਕੰਪਨੀਆਂ ਅਮਰੀਕਾ, ਜਾਪਾਨ ਅਤੇ ਯੂਰਪੀ ਯੂਨੀਅਨ ਦੀਆਂ ਹਨ। ਚੀਨ ਦੇ ਵਿਦੇਸ਼ ਮੰਤਰਾਲੇ ਦੀ ਬੁਲਾਰਾ ਹੁਆ ਚੁਨਿਇੰਗ ਨੇ ਤਾਇਵਾਨ ਨੂੰ ਫੌਜੀ ਮਦਦ ਪਹੁੰਚਾਉਣ ਦੇ ਇਸ ਯਤਨ ਦਾ ਸਖਤ ਵਿਰੋਧ ਪ੍ਰਗਟਾਇਆ ਅਤੇ ਕਿਹਾ ਕਿ ਤਾਇਵਾਨ ਨੂੰ ਹਥਿਆਰ ਵੇਚਣ ਅਤੇ ਕਿਸੇ ਵੀ ਤਰ੍ਹਾਂ ਦੇ ਫੌਜੀ ਸਬੰਧ ਬਣਾਉਣ ਦਾ ਚੀਨ ਸਖਤ ਵਿਰੋਧ ਕਰਦਾ ਹੈ। ਤਾਇਵਾਨ ਬਾਰੇ ਉਸ ਦੀ ਪਹਿਲੀ ਨੀਤੀ 'ਚ ਕੋਈ ਬਦਲਾਅ ਨਹੀਂ ਆਇਆ ਹੈ। ਬੁਲਾਰਾ ਨੇ ਕਿਹਾ, ਅਸੀਂ ਅਮਰੀਕਾ ਅਤੇ ਬਾਕੀ ਦੇਸ਼ਾਂ ਨੂੰ ਬੇਨਤੀ ਕਰਦੇ ਹਾਂ ਕਿ ਤਾਇਵਾਨ ਨਾਲ ਸਬੰਧਤ ਮਾਮਲੇ ਦੀ ਗੰਭੀਰਤਾ ਨੂੰ ਸਮਝਣ ਤੇ ਵਨ ਚਾਈਨਾ ਨੀਤੀ ਦਾ ਸਨਮਾਨ ਕਰਨ।

# ਪੰਜਾਬੀ ਕੁੜੀ ਦੇ ਕਾਤਲ ਨੂੰ ਅਮਰੀਕੀ ਅਦਾਲਤ ਵੱਲੋਂ ਸਜ਼ਾ

ਵਾਸ਼ਿੰਗਟਨ, 15 ਜਨਵਰੀ (ਪੋਸਟ ਬਿਊਰੋ)- ਭਾਰਤੀ ਮੂਲ ਦੀ ਡਾਕਟਰ ਜਸਜੋਤ ਸਿੰਹੋਟਾ ਦੀ ਜਨਵਰੀ 2017 ਨੂੰ ਸੜਕ ਹਾਦਸੇ ਵਿਚ ਮੌਤ ਹੋ ਗਈ ਸੀ। ਉਸ ਨੂੰ ਮਾਰਨ ਵਾਲੇ ਵਿਅਕਤੀ ਨੇ ਆਪਣੀ ਗੱਡੀ ਦੀ ਵਿੰਡਸਕ੍ਰੀਨ ਤੋਂ ਧੁੰਦ ਨਹੀਂ ਸੀ ਹਟਾਈ। ਉਹ ਲਾਪਰਵਾਹ ਡਰਾਈਵਿੰਗ ਤੇ ਬਿਨਾਂ ਬੀਮਾ ਗੱਡੀ ਚਲਾਉਣ ਦਾ ਦੋਸ਼ੀ ਮੰਨਿਆ ਗਿਆ ਸੀ।



ਸਕਾਟਲੈਂਡ ਯਾਰਡ ਨੇ ਕਿਹਾ ਕਿ 26 ਸਾਲ ਦੇ ਅਲੈਗਜ਼ੈਂਡਰ ਫਿਟਜਗੇਰਾਲਡ ਨੂੰ ਕਿੰਗਸਟਨ ਕ੍ਰਾਊਨ ਕੋਰਟ ਨੇ 10 ਮਹੀਨੇ ਦੀ ਸਜ਼ਾ ਸੁਣਾਈ ਹੈ, ਕਿਉਂਕਿ ਉਹ ਲਾਪਰਵਾਹੀ ਨਾਲ ਗੱਡੀ ਚਲਾ ਰਿਹਾ ਸੀ। ਦੋਸ਼ੀ ਦੀ ਸਜ਼ਾ ਨੂੰ ਕੋਰਟ ਨੇ 16 ਮਹੀਨੇ ਦੀ ਥਾਂ 10 ਮਹੀਨੇ ਕਰ ਦਿੱਤਾ ਹੈ। ਉਹ ਹਾਲੇ ਸਜ਼ਾ ਭੁਗਤ ਰਿਹਾ ਹੈ ਅਤੇ ਉਸ ਦੇ ਡਰਾਈਵਿੰਗ ਲਾਇਸੈਂਸ ਨੂੰ 23 ਮਹੀਨਿਆਂ ਤੱਕ ਅਯੋਗ ਕਰ ਦਿੱਤਾ ਗਿਆ ਹੈ।

30 ਸਾਲ ਦੀ ਸਿੰਹੋਟਾ ਇਕ ਡਾਕਟਰ ਸੀ, ਜੋ ਗਾਇਜ਼ ਐਂਟ ਸੈਂਟ ਥਾਮਸ ਨੈਸ਼ਨਲ ਹੈਲਥ ਸਰਵਿਸ ਟਰੱਸਟ ਵਿਚ ਕੰਮ ਕਰਦੀ ਸੀ। ਉਹ ਦੱਖਣੀ ਲੰਡਨ ਦੇ ਡਲਵਿਚ ਦੇ ਫੁੱਟਪਾਥ ਉੱਤੇ ਪੈਦਲ ਜਾ ਰਹੀ ਸੀ ਤਾਂ ਓਦੋਂ ਇਕ ਯੂਨੀਵਰਸਿਟੀ ਵਿਦਿਆਰਥੀ ਨੇ ਉਸ ਨੂੰ ਬਿਰਕਬੇਕ ਹਿਲ ਜੰਕਸ਼ਨ 'ਤੇ ਟੱਕਰ ਮਾਰ ਦਿੱਤੀ। ਜਸਜੋਤ ਨੂੰ ਹਸਪਤਾਲ ਲਿਆਂਦਾ ਗਿਆ, ਜਿਥੇ ਉਸ ਨੇ ਦਮ ਤੋੜ ਦਿੱਤਾ। ਉਸ ਦੀ ਭੈਣ ਨੇਹਾ ਸੰਤਾਸਲੋ ਨੇ ਬਿਆਨ ਵਿਚ ਕਿਹਾ ਕਿ ਜਸਜੋਤ ਵਾਪਸ ਨਹੀਂ ਆ ਸਕੇਗੀ, ਪਰ ਸਜ਼ਾ ਨਾਲ ਅਸੀਂ ਆਪਣੀ ਭੈਣ, ਉਸ ਦੀ ਜ਼ਿੰਦਗੀ ਅਤੇ ਉਸ ਨੇ ਜੋ ਹਾਸਲ ਕੀਤਾ, ਉਸ ਉਤੇ ਫੋਕਸ ਕਰ ਸਕਦੇ ਹਾਂ। ਸਜ਼ਾ ਤੋਂ ਪਤਾ ਚੱਲਦਾ ਹੈ ਕਿ ਵਿੰਡਸਕ੍ਰੀਨ ਸਾਫ ਕਰਨਾ ਕਿੰਨਾ ਜ਼ਰੂਰੀ ਹੈ, ਉਹ ਵੀ ਠੰਡ ਦੇ ਮੌਸਮ ਵਿਚ।

## ਖੈਬਰ ਪਖਤੂਨਖਵਾ ਹਿੰਦੂਆਂ ਤੇ ਸਿੱਖਾਂ ਨੂੰ ਸ਼ਮਸ਼ਾਨਘਾਟ ਮਿਲੇਗਾ

ਪੇਸ਼ਾਵਰ, 15 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਖੈਬਰ ਪਖਤੂਨਖਵਾ ਪ੍ਰਾਂਤ ਵਿੱਚ ਹਿੰਦੂ ਅਤੇ ਸਿੱਖ ਭਾਈਚਾਰੇ ਲਈ ਜਲਦੀ ਹੀ ਇੱਕ ਸ਼ਮਸ਼ਾਨਘਾਟ ਦੀ ਵਿਵਸਥਾ ਕੀਤੀ ਜਾਏਗੀ। ਖੈਬਰ ਪਖਤੂਨਖਵਾ ਸਰਕਾਰ ਵਿੱਚ ਓਕਾਫ ਤੇ ਧਾਰਮਿਕ ਮਾਮਲਿਆਂ ਦੇ ਵਿਭਾਗ ਦੇ ਸੂਤਰਾਂ ਨੇ ਦੱਸਿਆ ਕਿ ਖੈਬਰ ਪਖਤੂਨਖਵਾ ਪ੍ਰਾਂਤ ਵਿੱਚ ਹਿੰਦੂ ਅਤੇ ਸਿੱਖ ਭਾਈਚਾਰੇ ਲਈ ਇੱਕ ਸ਼ਮਸ਼ਾਨਘਾਟ ਤੇ ਈਸਾਈਆ ਵਾਸਤੇ ਕਬਰਿਸਤਾਨ ਦੇ ਨਿਰਮਾਣ ਲਈ ਥਾਵਾਂ ਦੀ ਪਛਾਣ ਕੀਤੀ ਗਈ ਹੈ। ਸੂਤਰਾਂ ਮੁਤਾਬਕ ਉਤਰੀ ਬਾਈਪਾਸ ਪੇਸ਼ਾਵਰ ਨੇੜੇ ਸਮਰ ਬਾਗ ਵਿੱਚ ਲਗਭਗ 1.25 ਏਕੜ ਜ਼ਮੀਨ ਦੀ ਪਛਾਣ ਕੀਤੀ ਗਈ ਹੈ, ਜਿਸ ਵਿੱਚੋਂ ਸ਼ਮਸ਼ਾਨ ਭੂਮੀ ਦੇ ਨਿਰਮਾਣ ਲਈ 0.5 ਏਕੜ ਅਤੇ ਕਬਰਿਸਤਾਨ ਵਾਸਤੇ 0.75 ਏਕੜ ਜ਼ਮੀਨ ਅਲਾਟ ਕੀਤੀ ਜਾਏਗੀ। ਉਨ੍ਹਾਂ ਨੇ ਦੱਸਿਆ ਕਿ ਸਰਕਾਰ ਨੇ ਪ੍ਰਾਂਤ ਦੇ ਪੇਸ਼ਾਵਰ, ਨੌਸ਼ੇਰਾ ਆਦਿ ਜ਼ਿਲ੍ਹਿਆਂ ਵਿੱਚ ਥਾਵਾਂ 'ਤੇ ਜ਼ਮੀਨ ਦੀ ਖਰੀਦ ਹੈ।

## ਵਰਲਡ ਟ੍ਰੇਡ ਸੈਂਟਰ ਤੋਂ ਸਾਊਦੀ ਅਰਬ ਦੇ ਝੰਡੇ ਵਾਲੀ ਕਲਾਕ੍ਰਿਤੀ ਹਟਾਈ ਗਈ



ਨਿਊਯਾਰਕ, 15 ਜਨਵਰੀ (ਪੋਸਟ ਬਿਊਰੋ)- ਅਮਰੀਕਾ 'ਚ ਵਰਲਡ ਟ੍ਰੇਡ ਸੈਂਟਰ ਦੇ ਬਾਹਰ ਲੱਗੀਆਂ ਕਲਾਕ੍ਰਿਤੀਆਂ ਦੀ ਇਕ ਪ੍ਰਦਰਸ਼ਨੀ ਨੂੰ ਹਟਾਇਆ ਜਾ ਰਿਹਾ ਹੈ। ਦਰਅਸਲ 9/11 ਦੇ ਹਮਲਿਆਂ 'ਚ ਜਾਨ ਗੁਆਉਣ ਵਾਲੇ ਅਮਰੀਕੀਆਂ ਦੀ ਯਾਦ ਵਿੱਚ ਬਣੇ ਯਾਦਗਾਰੀ ਸਥਾਨ ਉੱਤੇ ਸਾਊਦੀ ਅਰਬ ਦੀ ਅਗਵਾਈ ਕਰਨ ਵਾਲੀ ਇਕ ਕਲਾਕ੍ਰਿਤੀ ਲਾਉਣ ਨੂੰ ਲੈ ਕੇ ਸੁਪਰਵਾਈਜ਼ਰ ਨੇ ਇਤਰਾਜ਼ ਪ੍ਰਗਟਾਇਆ ਹੋਇਆ ਹੈ।

ਪਤਾ ਲੱਗਾ ਹੈ ਕਿ ਅਮਰੀਕਾ ਦੇ ਵਰਲਡ ਟ੍ਰੇਡ ਸੈਂਟਰ ਵਿੱਚ ਸਾਊਦੀ ਅਰਬ ਦੀ ਅਗਵਾਈ ਕਰਦੀ ਕਲਾਕ੍ਰਿਤੀ ਦੇ ਉਤੇ ਇਤਰਾਜ ਹੋਣ ਕਾਰਨ ਉਥੇ ਲੱਗੀਆਂ ਕਲਾਕ੍ਰਿਤੀਆਂ ਨੂੰ ਹਟਾਇਆ ਜਾ ਰਿਹਾ ਹੈ। ਵਰਲਡ ਟ੍ਰੇਡ ਸੈਂਟਰ ਦੇ ਦਫਤਰ ਦੇ ਬਾਹਰ ਜੀ-20 ਦੇਸ਼ਾਂ ਦੀ ਅਗਵਾਈ ਕਰਨ ਵਾਲੀ ਕੈਂਡੀ (ਟੌਫੀ) ਦੇ ਆਕਾਰ ਦੀਆਂ ਕੁਝ ਮੂਰਤੀਆਂ ਦੀ ਪ੍ਰਦਰਸ਼ਨੀ ਲਾਈ ਗਈ ਹੈ। ਇਸ ਨੂੰ 'ਕੈਂਡੀ ਨੇਸ਼ਨਸ' ਨਾਂ ਦਿੱਤਾ ਗਿਆ ਹੈ। ਇਨ੍ਹਾਂ ਵਿੱਚੋਂ ਇਕ ਮੂਰਤੀ ਉੱਤੇ ਸਾਊਦੀ ਅਰਬ ਦਾ ਝੰਡਾ ਲੱਗਾ ਹੋਇਆ ਹੈ। ਸਾਲ 2011 'ਚ ਲਾਈਆਂ ਗਈਆਂ ਇਹ ਮੂਰਤੀਆਂ ਨਿਊਯਾਰਕ ਤੋਂ ਇਲਾਵਾ ਕਈ ਦੇਸ਼ਾਂ ਵਿੱਚ ਦਿਖਾਈਆਂ ਜਾ ਚੁੱਕੀਆਂ ਹਨ, ਪਰ ਕੁਝ ਸੁਪਰਵਾਈਜਰ ਵਰਲਡ ਟਰੇਡ ਸੈਂਟਰ ਵਿੱਚ ਸਾਊਦੀ ਅਰਬ ਦੇ ਝੰਡੇ ਉੱਤੇ ਇਤਰਾਜ਼ ਕਰ ਚੁੱਕੇ ਹਨ। ਇਹ ਏਥੇ ਹੋਏ ਅੱਤਵਾਦੀ ਹਮਲੇ 'ਚ ਮਾਰੇ ਗਏ 3000 ਅਮਰੀਕੀਆਂ ਦਾ ਮੈਮੋਰੀਅਲ ਹੈ।

## ਨਾਬਾਲਿਗ ਨਾਲ ਬਦਫੈਲੀ ਕਰਨ 13 ਸਾਲ ਕੈਦ

ਸਿੰਗਾਪੁਰ, 15 ਜਨਵਰੀ (ਪੋਸਟ ਬਿਊਰੋ)- ਭਾਰਤੀ ਮੂਲ ਦੇ 31 ਸਾਲਾ ਇੱਕ ਵਿਅਕਤੀ ਨੂੰ ਨਾਬਾਲਿਗ ਨਾਲ ਬਦਫੈਲੀ ਕਰਨ ਅਤੇ ਬਲਾਤਕਾਰ ਦੀਆਂ ਕੋਸ਼ਿਸ਼ਾਂ ਦੇ ਜੁਰਮ ਚ ਸਿੰਗਾਪੁਰ ਚ 13 ਸਾਲ ਦੀ ਕੈਦ ਅਤੇ 12 ਕੋੜੇ ਮਾਰਨ ਦੀ ਸਜ਼ਾ ਸੁਣਾਈ ਗਈ ਹੈ। ਸਥਾਨਕ ਇੱਕ ਅਖ਼ਬਾਰ ਦ ਨਿਊ ਪੇਪਰ ਮੁਤਾਬਕ ਮਿਨੀ ਮਾਰਟ ਚ ਕੰਮ ਕਰਨ ਵਾਲਾ ਉਦੇ ਕੁਮਾਰ ਨੇ 12 ਸਾਲਾ ਬੱਚੀ ਨੂੰ ਤੋਹਫੇ ਦੇ ਕੇ ਆਪਣੇ ਕੋਲ ਸੱਦਿਆ ਕਰਦਾ ਸੀ। ਦੋਸ਼ੀ ਨੇ ਬੱਚੀ ਨੂੰ ਵਰਗਲਾ ਕੇ ਤਿੰਨ ਮਹੀਨਿਆਂ ਤੱਕ ਬਦਫੈਲੀ ਕਰਦਾ ਰਿਹਾ। ਹਾਈਕੋਰਟ ਦੇ ਜੱਜ ਨੇ ਕਿਹਾ ਉਦੇ ਕੁਮਾਰ ਨੇ ਨਾਬਾਲਿਗ ਬੱਚੀ ਦੀ ਮਾਸੂਮੀਅਤ ਅਤੇ ਭੋਲੇਪਨ ਦਾ ਲਾਭ ਚੁੱਕਿਆ ਤੇ ਨੈਤਿਕ ਤੌਰ ਤੇ ਉਸਨੂੰ ਬਰਬਾਦ ਕੀਤਾ। ਇਸ ਲਈ ਦੋਸ਼ੀ ਮੁਆਫੀ ਦਾ ਹੱਕਦਾਰ ਨਹੀਂ ਹੈ।

## ਟਰੰਪ ਕਰ ਸਕਦੇ ਹਨ ਐਮਰਜੰਸੀ ਦਾ ਐਲਾਨ

ਵਾਸ਼ਿੰਗਟਨ, 15 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਅਮਰੀਕਾ-ਮੈਕਸੀਕੋ ਸਰਹੱਦ 'ਤੇ ਦੀਵਾਰ ਨੂੰ ਲੈ ਕੇ ਉਹ ਨਿਸ਼ਚਿਤ ਤੌਰ 'ਤੇ ਰਾਸ਼ਟਰੀ ਐਮਰਜੈਂਸੀ ਦਾ ਐਲਾਨ ਕਰਨਗੇ। ਅਮਰੀਕੀ ਰਾਸ਼ਟਰਪਤੀ ਨੇ ਮੈਕਸੀਕੋ ਸਰਹੱਦ 'ਤੇ ਟੈਕਸਾਸ ਪ੍ਰਾਂਤ ਦੇ ਮੈਕਏਲੇਨ ਸ਼ਹਿਰ ਦੇ ਦੌਰੇ ਦੌਰਾਨ ਇਹ ਟਿੱਪਣੀ ਕੀਤੀ। ਟਰੰਪ ਦੀਵਾਰ ਦੇ ਨਿਰਮਾਣ ਲਈ ਪੰਜ ਅਰਬ ਅਮਰੀਕੀ ਡਾਲਰ ਦੀ ਮੰਗ ਲਈ ਲਗਾਤਾਰ ਆਵਾਜ ਉਠਾ ਰਿਹਾ ਹੈ। ਟਰੰਪ ਪਿਛਲੇ ਹਫਤੇ ਤੋਂ ਹੀ ਅਮਰੀਕਾ-ਮੈਕਸੀਕੋ ਸਰਹੱਦ 'ਤੇ ਦੀਵਾਰ ਨਿਰਮਾਣ ਲਈ ਫੰਡ ਨਾ ਮਿਲਣ 'ਤੇ ਦੇਸ਼ 'ਚ ਰਾਸ਼ਟਰੀ ਐਮਰਜੈਂਸੀ ਦੀ ਚਿਤਾਵਨੀ ਦੇ ਰਹੇ ਹਨ। ਅਮਰੀਕਾ ਮੈਕਸੀਕੋ ਸੀਮਾ ਵਿਵਾਦ 'ਤੇ ਟਰੰਪ ਅਤੇ ਡੈਮੋਕਰੇਟਸ ਵਿਚਕਾਰ ਟਕਰਾਅ ਬਣਿਆ ਹੋਇਆ ਹੈ ਅਤੇ ਇਸੇ ਕਾਰਨ ਅਮਰੀਕਾ 'ਚ 21 ਦਿਨ ਤੋਂ ਅੰਸ਼ਿਕ ਕੰਮਬੰਦੀ ਜਾਰੀ ਹੈ। ਟਰੰਪ ਅਤੇ ਡੈਮੋਕਰੇਟਸ ਵਿਚਕਾਰ ਪੈਦਾ ਹੋਏ ਇਸ ਟਕਰਾਅ ਦਾ ਕੋਈ ਹੱਲ ਦਿਖਾਈ ਨਹੀਂ ਦੇ ਰਿਹਾ।

Honesty, Reliability, Commitment
HIRA RANDHWA
Broker
Dir:416.319.0551 Off:905.913.8585
- 1 yr Home Warranty
- 40% Discount on Brand Name Appliances & Furniture
- Free Evaluation & Lowest Commission
OPEN HOUSE UNTIL SOLD
Silvercity
www.HiraRandhawa.com hirarandhawa@yahoo.ca



| Brampton $579,900 | Malton $589,900 | Malton $599,000 | Brampton $729,000 |
|---|---|---|---|
| Hwy 10/Wlm Pkwy | Airport Rd/Steeles | Airport Rd/ Morning Star Dr | KingKnoll And Mclaughlin |
| 3 Bedroom, 3W/R, 1Bedroom Basement Detached, Freshly Painted, Modern Kitchen, Granite Counter Tops And Walk Out To Large Private Yard Perfect For Pvt. BBQ's | 3 Bedroom, Semi-Detached, 3 Full Washrooms, Newly Painted, New Concrete Patio for summer BBQ, Newly Renovated 1 Bed Room Basmt. With Separate-Entrance | 4BR, 3WR, Large Lot, 3 Separate Apartments, Fully Renovated, 1BR Basmt.with Sep. Ent., Excellent For Investment Or Personal use, walk to Stores, Transportation, Sikh Temple | 4Bed Rooms, 4Wash Rooms,2 Bed Room Basement, Close to Schools Sheridan College, Parks Shoppers World,Liabrary, Parks, Sikh Temple |

Call For:
RESP, SUPER -VISA,& TRAVEL
Insurance
H.Randhawa
416-319-0551

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
New Basement $1,000 off with this flyer on
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE



We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT
BRAND NEW MACHINES 2018
Chevron Delo
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਸਾਬਕਾ ਮੇਅਰ ਸਹਿਗਲ ਨੂੰ 18 ਤੱਕ ਸਰੰਡਰ ਕਰਨਾ ਪਵੇਗਾ

ਜਲੰਧਰ, 15 ਜਨਵਰੀ (ਪੋਸਟ ਬਿਊਰੋ)- ਨਗਰ ਨਿਗਮ ਦੇ ਇੱਕ ਬਿਲਡਿੰਗ ਇੰਸਪੈਕਟਰ ਦੀ ਕੁੱਟਮਾਰ ਦੇ ਦੋਸ਼ ਵਿੱਚ ਸਾਬਕਾ ਮੇਅਰ ਸੁਰੇਸ਼ ਸਹਿਗਲ ਨੂੰ 18 ਜਨਵਰੀ ਤੱਕ ਸਰੰਡਰ ਕਰਨਾ ਹੋਵੇਗਾ। ਸੁਪਰੀਮ ਕੋਰਟ ਨੇ ਉਸ ਨੂੰ ਜ਼ਮਾਨਤ ਵਿੱਚ ਰਾਹਤ ਨਾ ਦੇ ਕੇ ਟਰਾਇਲ ਕੋਰਟ ਵਿੱਚ ਇੱਕ ਹਫਤੇ ਦੇ ਅੰਦਰ ਸਰੰਡਰ ਕਰਨ ਲਈ ਹੁਕਮ ਦਿੱਤੇ ਹਨ। ਟਰਾਇਲ ਕੋਰਟ ਨੂੰ ਉਸੇ ਦਿਨ ਸਹਿਗਲ ਦੀ ਬੇਲ 'ਤੇ ਫੈਸਲਾ ਲੈਣ ਦੇ ਲਈ ਵੀ ਕਿਹਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਸੁਪਰੀਮ ਕੋਰਟ ਨੇ ਆਪਣੇ ਹੁਕਮ ਵਿੱਚ ਕਿਹਾ ਹੈ ਕਿ ਹਾਈ ਕੋਰਟ ਵੱਲੋਂ ਬੇਲ ਰੱਦ ਕਰਨ ਲਈ ਦਿੱਤੇ ਸਾਰੇ ਸਬੂਤਾਂ ਦੀ ਜਾਂਚ ਵੀ ਕੀਤੀ ਜਾਏ। ਇਸੇ ਦਿਨ ਪੀੜਤ ਧਿਰ ਅਤੇ ਜਾਂਚ ਏਜੰਸੀ ਨੂੰ ਨੋਟਿਸ ਦੇ ਕੇ ਸ਼ਾਮਲ ਹੋਣ ਲਈ ਕਿਹਾ ਗਿਆ ਹੈ ਕਿ ਤਾਂ ਕਿ ਉਸੇ ਦਿਨ ਸਹਿਗਲ ਦੀ ਜ਼ਮਾਨਤ 'ਤੇ ਟਰਾਇਲ ਕੋਰਟ ਫੈਸਲਾ ਲੈ ਸਕੇ।

ਵਰਨਣ ਯੋਗ ਹੈ ਕਿ ਸੁਰੇਸ਼ ਸਹਿਗਲ ਨੇ ਸ਼ਿਵਰਾਜਗੜ੍ਹ ਵਿੱਚ ਬਿਲਡਿੰਗ ਉਸਾਰੀ ਕਰੇ ਸੁਲੱਖਸ਼ਣ ਸ਼ਰਮਾ ਅਤੇ ਹੋਰਨਾਂ ਉਤੇ ਸਰਕਾਰੀ ਕੰਮ ਵਿੱਚ ਅੜਿੱਕਾ ਪਾਉਣ ਅਤੇ ਮਾਰਕੁੱਟ ਦਾ ਕੇਸ ਦਰਜ ਹੋਇਆ ਸੀ। ਇਸ ਵਿੱਚ ਸੁਲੱਖਸ਼ਣ ਸ਼ਰਮਾ ਅਤੇ ਉਸ ਦੇ ਭਾਣਜੇ ਸੰਨੀ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਸੀ ਅਤੇ ਉਹ ਜ਼ਮਾਨਤ 'ਤੇ ਰਿਹਾਅ ਹਨ, ਪਰੰਤੂ ਸਾਬਕਾ ਮੇਅਰ ਸੁਰੇਸ਼ ਸਹਿਗਲ ਉਦੋਂ ਤੋਂ ਫਰਾਰ ਹੈ। ਹਾਈ ਕੋਰਟ ਨੇ ਉਨ੍ਹਾਂ ਦੀ ਜ਼ਮਾਨਤ ਰੱਦ ਕਰ ਦਿੱਤੀ ਸੀ, ਜਿਸ ਦੇ ਬਾਅਦ ਅੰਡਰ ਗਰਾਊਂਡ ਰਹਿ ਕੇ ਸਹਿਗਲ ਨੇ ਜ਼ਮਾਨਤ ਪਟੀਸ਼ਨ ਲਾਈ ਸੀ। ਇਸ ਨੂੰ ਸੁਪਰੀਮ ਕੋਰਟ ਨੇ ਰੱਦ ਨਹੀਂ ਕੀਤਾ, ਸਗੋਂ ਟਰਾਇਲ ਕੋਰਟ ਨੂੰ ਰੈਫਰ ਕਰਨ ਦੇ ਨਾਲ ਸੁਰੇਸ਼ ਸਹਿਗਲ ਨੂੰ 11 ਜਨਵਰੀ ਨੂੰ ਹੁਕਮ ਜਾਰੀ ਕਰ ਕੇ ਇੱਕ ਹਫਤੇ ਵਿੱਚ ਸਰੰਡਰ ਕਰਨ ਲਈ ਕਿਹਾ ਹੈ, ਜਿਸ ਦੇ ਕਾਰਨ ਉਸ ਨੂੰ 18 ਜਨਵਰੀ ਤੱਕ ਪੇਸ਼ ਹੋਣਾ ਹੋਵੇਗਾ।

# ਵਿਦੇਸ਼ੀ ਅਦਾਲਤ ਦਾ ਫੈਸਲਾ ਬੱਚੇ ਦੇ ਹਿੱਤ ਲਈ ਲੋਕਲ ਅਦਾਲਤ ਬਦਲ ਸਕਦੀ ਹੈ

ਚੰਡੀਗੜ੍ਹ, 15 ਜਨਵਰੀ (ਪੋਸਟ ਬਿਊਰੋ)- ਵੱਖ-ਵੱਖ ਹੋ ਕੇ ਇੰਗਲੈਂਡ ਅਤੇ ਭਾਰਤ 'ਚ ਰਹਿ ਰਹੇ ਪਤੀ-ਪਤਨੀ ਵਿਚਾਲੇ ਬੱਚੇ ਦੀ ਸਪੁਰਦਗੀ ਬਾਰੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਵਿਦੇਸ਼ੀ ਅਦਾਲਤ ਦੇ ਫੈਸਲੇ ਨੂੰ ਲਾਂਭੇ ਕਰਦਿਆਂ ਅਹਿਮ ਫੈਸਲਾ ਦਿੱਤਾ ਹੈ ਕਿ ਬੱਚੇ ਦੇ ਹਿੱਤ ਲਈ ਲੋਕਲ ਕੋਰਟ ਵਿਦੇਸ਼ੀ ਅਦਾਲਤ ਦਾ ਫੈਸਲਾ ਬਦਲ ਸਕਦੀ ਹੈ। ਹਾਈ ਕੋਰਟ ਨੇ ਕਿਹਾ ਹੈ ਕਿ ਬੱਚਾ ਕੋਈ ਖੇਡਣ ਵਾਲੀ ਚੀਜ਼ ਨਹੀਂ, ਬਦਲੇ ਹਾਲਾਤ ਵਿੱਚ ਸਥਾਨਕ ਅਦਾਲਤਾਂ ਹੱਕ ਰੱਖਦੀਆਂ ਹਨ ਕਿ ਉਹ ਬੱਚੇ ਦੇ ਹਿੱਤ ਲਈ ਵਿਦੇਸ਼ੀ ਅਦਾਲਤ ਦੇ ਫੈਸਲੇ ਵਿੱਚ ਦਖਲ ਦੇ ਸਕਣ।

ਪੰਚਕੂਲਾ ਦੇ ਇਕ ਵਿਅਕਤੀ ਨੇ ਸਥਾਨਕ ਅਦਾਲਤ ਵੱਲੋਂ ਉਸ ਦੀ ਅਰਜ਼ੀ ਰੱਦ ਕਰਨ ਦੇ ਫੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ।



ਉਸ ਨੇ ਹਾਈ ਕੋਰਟ ਨੂੰ ਦੱਸਿਆ ਕਿ ਉਸ ਦਾ ਵਿਆਹ ਦਿੱਲੀ ਵਿੱਚ ਹੋਇਆ ਤੇ ਬਾਅਦ ਵਿੱਚ ਉਹ ਪਤਨੀ ਨਾਲ ਲੰਡਨ ਚਲਾ ਗਿਆ ਤੇ ਉਥੇ ਉਸ ਨੂੰ ਬਤੌਰ 'ਇੰਡੀਅਨ ਓਵਰਸੀਜ਼ ਸਿਟੀਜ਼ਨ ਬ੍ਰਿਟਿਸ਼ ਸਿਟੀਜ਼ਨਸ਼ਿਪ' ਮਿਲ ਗਈ। ਇਸੇ ਦੌਰਾਨ ਪਤਨੀ ਨਾਲ ਉਸ ਦਾ ਤਲਾਕ ਹੋ ਗਿਆ ਤੇ ਉਹ ਪਤਨੀ ਦੀ ਸਹਿਮਤੀ ਨਾਲ ਅਦਾਲਤ ਰਾਹੀਂ ਬੱਚੇ ਦੀ ਸੁਪਰਦਗੀ ਲੈ ਕੇ ਵਾਪਸ ਭਾਰਤ ਆਇਆ ਅਤੇ ਪੰਚਕੂਲਾ ਵਿਖੇ ਰਹਿਣ ਲੱਗ ਪਿਆ। ਹਾਈ ਕੋਰਟ ਨੂੰ ਦੱਸਿਆ ਗਿਆ ਕਿ ਇਸੇ ਦੌਰਾਨ ਪਤਨੀ ਨੇ ਪੰਚਕੂਲਾ ਦੀ ਅਦਾਲਤ ਨੂੰ ਅਰਜ਼ੀ ਦੇ ਕੇ ਬੱਚੇ ਦੀ ਸੁਪਰਦਗੀ ਮੰਗ ਲਈ ਤੇ ਕਿਹਾ ਕਿ ਬੱਚੇ ਨਾਲ ਰੋਜ਼ਾਨਾ ਗੱਲਬਾਤ ਕਰਨ ਦੀ ਇਜਾਜ਼ਤ ਦਿੱਤੀ ਜਾਵੇ ਤੇ ਬੱਚੇ ਦੀ ਅੰਤਰਿਮ ਸਪੁਰਦਗੀ ਦਿੱਤੀ ਜਾਵੇ। ਇਸ ਦੇ ਵਿਰੋਧ ਵਿੱਚ ਪਤੀ ਨੇ ਪੰਚਕੂਲਾ ਅਦਾਲਤ 'ਚ ਅਰਜ਼ੀ ਦਿੱਤੀ ਕਿ ਉਸ ਦੀ ਪਤਨੀ ਦੀ ਅਰਜ਼ੀ ਅਧਿਕਾਰ ਖੇਤਰ ਤੋਂ ਬਾਹਰ ਹੈ, ਪਰ ਪੰਚਕੂਲਾ ਅਦਾਲਤ ਨੇ ਪਤੀ ਦੀ ਅਰਜ਼ੀ ਰੱਦ ਕਰ ਦਿੱਤੀ ਤਾਂ ਉਸ ਨੇ ਹਾਈ ਕੋਰਟ ਪਹੁੰਚ ਕੀਤੀ। ਹਾਈ ਕੋਰਟ ਨੇ ਬੱਚੇ ਦੇ ਹਿੱਤ ਲਈ ਵਿਦੇਸ਼ੀ ਅਦਾਲਤ ਦੇ ਫੈਸਲੇ ਨੂੰ ਪਲਟਣ ਲਈ ਸਥਾਨਕ ਅਦਾਲਤਾਂ ਦੇ ਹੱਕ ਬਾਰੇ ਇਹ ਟਿੱਪਣੀ ਕਰਦਿਆਂ ਪੰਚਕੂਲਾ ਅਦਾਲਤ ਦਾ ਫੈਸਲਾ ਰੱਦ ਕਰ ਦਿੱਤਾ ਹੈ।

# ਦਿੱਲੀ ਵਿੱਚ ਬੱਚਿਆਂ ਖਿਲਾਫ ਸੈਕਸ ਸ਼ੋਸ਼ਣ ਦੇ ਕੇਸ ਦੁੱਗਣੇ ਹੋਏ

ਨਵੀਂ ਦਿੱਲੀ, 15 ਜਨਵਰੀ (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਬੀਤੇ ਸਾਲ ਪਾਕਸੋ ਐਕਟ (ਪ੍ਰੋਟੈਕਸ਼ਨ ਆਫ ਚਿਲਡਰਨ ਫਰਾਮ ਸੈਕਸੁਆਲ ਐਕਟ) ਹੇਠ ਦਰਜ ਹੋਏ ਬੱਚਿਆਂ ਖਿਲਾਫ ਸੈਕਸ ਸੋਸ਼ਣ ਦੇ ਕੇਸਾਂ ਵਿੱਚ ਦੋ ਗੁਣਾ ਵਾਧਾ ਦਰਜ ਕੀਤਾ ਗਿਆ ਹੈ। ਦਿੱਲੀ ਪੁਲਸ ਦੇ ਅੰਕੜਿਆਂ ਮੁਤਾ-ਬਕ ਪਿਛਲੇ ਸਾਲ ਯਾਨੀ 2018 'ਚ 30 ਨਵੰਬਰ ਤੱਕ ਅਜਿਹੇ 165 ਮਾਮਲੇ ਸਾਹਮਣੇ ਆਏ, ਜਦੋਂ ਕਿ 2017 ਵਿੱਚ ਇਹ ਗਿਣਤੀ 88 ਸੀ।

ਪੁਲਸ ਦਾ ਕਹਿਣਾ ਹੈ ਕਿ 165 ਵਿੱਚੋਂ 140 ਕੇਸਾਂ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਤੇ 144 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਸਾਲ 2017 ਦੇ 88 ਵਿੱਚੋਂ 86 ਮਾਮਲਿਆਂ 'ਚ 75 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਉਨ੍ਹਾਂ 'ਤੇ ਕਾਰਵਾਈ ਕੀਤੀ ਗਈ ਹੈ। ਸਾਲ 2018



ਵਿੱਚ 80 ਕੇਸਾਂ ਦੀ ਸੁਣਵਾਈ ਪੈਂਡਿੰਗ ਹੈ, ਪਰ 82 ਕੇਸਾਂ ਦੀ ਜਾਂਚ ਹਾਲੇ ਬਾਕੀ ਹੈ। ਅੰਕੜਿਆਂ ਮੁਤਾਬਕ ਸਾਲ 2017 ਵਿੱਚ 77 ਕੇਸਾਂ ਵਿੱਚ ਸੁਣਵਾਈ ਦੀ ਉਡੀਕ ਕੀਤੀ, ਜਦੋਂ ਕਿ 35 ਕੇਸਾਂ ਵਿੱਚ ਸਾਲ ਦੇ ਅਖੀਰ ਤੱਕ ਜਾਂਚ ਜਾਰੀ ਸੀ। ਇਨ੍ਹਾਂ 'ਚੋਂ ਤਿੰਨ ਕੇਸਾਂ 'ਚ ਜਾਂਚ ਵਿੱਚ ਕੋਈ ਨਤੀਜਾ ਨਹੀਂ ਨਿਕਲ ਸਕਿਆ। 2017 ਵਾਂਗ ਪੁਲਸ ਨੇ 2018 ਵਿੱਚ 80 ਲੋਕਾਂ ਨੂੰ ਚਲਾਨ ਜਾਰੀ ਕੀਤੇ। ਸੀਨੀਅਰ ਅਧਿਕਾਰੀਆਂ ਮੁਤਾਬਕ ਦਰਜ ਕੀਤੇ ਗਏ ਕੇਸਾਂ ਦੀ ਗਿਣਤੀ ਵਿੱਚ ਵਾਧਾ ਮੁੱਖ ਰੂਪ ਨਾਲ ਲੋਕਾਂ ਵਿੱਚ ਜਾਗਰੂਕਤਾ ਵਧਣ ਦਾ ਕਾਰਨ ਹੈ। ਪਿਛਲੇ ਸਾਲ ਵਿਸ਼ੇਸ਼ ਰੂਪ ਨਾਲ ਗਰੀਬ ਤਬਕੇ ਨਾਲ ਜੁੜੇ ਲੋਕ ਅੱਗੇ ਆਏ ਤੇ ਬੱਚਿਆਂ ਖਿਲਾਫ ਅਪਰਾਧਾਂ ਦੀ ਸੂਚਨਾ ਦਿੱਤੀ। ਉਨ੍ਹਾਂ ਕਿਹਾ ਕਿ 2012 ਤੋਂ ਬਾਅਦ ਤੋਂ ਕੇਸਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋਇਆ ਹੈ।

# ਆਵਾਰਾ ਪਸ਼ੂ ਕਾਰਨ ਟਿੱਪਰ, ਟਰੱਕ ਤੇ ਕਾਰ ਦੀ ਟੱਕਰ, ਟਿੱਪਰ ਚਾਲਕ ਦੀ ਮੌਤ

ਕਾਠਗੜ੍ਹ, 15 ਜਨਵਰੀ (ਪੋਸਟ ਬਿਊਰੋ)- ਬਲਾਚੌਰ-ਰੂਪਨਗਰ ਰੋਡ ਦੇ ਪਿੰਡ ਟੌਂਸਾ ਨੇੜੇ ਕੱਲ੍ਹ ਸਵੇਰੇ ਟਰੱਕ ਟਿੱਪਰ ਤੇ ਕਾਰ ਦੀ ਟੱਕਰ ਵਿੱਚ ਟਿੱਪਰ ਚਾਲਕ ਦੀ ਮੌਤ ਹੋ ਗਈ। ਇਸ ਹਾਦਸੇ ਵਿੱਚ ਟਰੱਕ ਚਾਲਕ ਸਮੇਤ ਕਾਰ ਸਵਾਰ ਇੱਕ ਔਰਤ ਸਮੇਤ ਚਾਰ ਜਣੇ ਜ਼ਖਮੀ ਹੋ ਗਏ।

ਟਿੱਪਰ ਚਾਲਕ ਗੁਰਦੀਪ ਸਿੰਘ ਦੀਪਾ ਥਾਣਾ ਕਾਠਗੜ੍ਹ ਦੇ ਪਿੰਡ ਜਗਤੇਵਾਲ ਦਾ ਰਹਿਣ ਵਾਲਾ ਸੀ। ਉਹ ਬਲਾਚੌਰ ਤੋਂ ਮਿੱਟੀ ਨਾਲ ਭਰਿਆ ਟਿੱਪਰ ਲੈ ਕੇ ਰੋਪੜ ਜਾ ਰਿਹਾ ਸੀ। ਜਦ ਉਹ ਪਿੰਡ ਟੌਂਸਾ ਨੇੜੇ ਗਿਆ ਤਾਂ ਟਿੱਪਰ ਅੱਗੇ ਆਵਾਰਾ ਪਸ਼ੂ ਆ ਗਿਆ, ਜਿਸ ਨੂੰ ਬਚਾਉਣ ਲਈ ਗੁਰਦੀਪ ਸਿੰਘ ਨੇ ਕੱਟ ਮਾਰਿਆ ਤਾਂ ਸਾਹਮਣੇ ਤੋਂ ਆਏ ਟਰੱਕ ਦੇ ਨਾਲ ਟਿੱਪਰ ਦੀ ਟੱਕਰ ਹੋ ਗਈ। ਇਸੇ ਦੌਰਾਨ




ਮੋਹਾਲੀ ਵੱਲੋਂ ਆਈ ਕਾਰ ਵੀ ਟਰੱਕ ਦੇ ਪਿੱਛੇ ਟਕਰਾ ਗਈ। ਹਾਦਸੇ ਵਿੱਚ ਜ਼ਖਮੀ ਹੋਏ ਟਿੱਪਰ ਚਾਲਕ ਦੀਪਾ ਨੂੰ ਰੂਪਨਗਰ ਹਸਪਤਾਲ ਵਿੱਚ ਪਹੁੰਚਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਟਰੱਕ ਚਾਲਕ ਗੁਰਮੇਲ ਸਿੰਘ ਪਿੰਡ ਘਨੌਲਾ (ਰੋਪੜ) ਤੇ ਕਾਰ ਚਾਲਕ ਤਲਵਿੰਦਰ ਸਿੰਘ ਵਾਸੀ ਚੰਡੀਗੜ੍ਹ, ਬਲਜੀਤ ਕੌਰ ਵਾਸੀ ਰੋਪੜ, ਮਲਕੀਤ ਸਿੰਘ ਪਿੰਡ ਰਾਮਪੁਰ ਪਰਖਾਲੀ, ਪਵਨ ਕੁਮਾਰ ਵਾਸੀ ਨੰਗਲ ਡੈਮ ਨੂੰ ਵੀ ਹਸਪਤਾਲ ਭੇਜਿਆ ਗਿਆ ਹੈ।

# ਭਾਰਤ ਦੇ ਕੇਂਦਰੀ ਮੰਤਰੀ ਦੀ ਵੈਬਸਾਈਟ ਪਾਕਿ ਹੈਕਰਾਂ ਵੱਲੋਂ ਹੈਕ

ਜੈਪੁਰ, 15 ਜਨਵਰੀ (ਪੋਸਟ ਬਿਊਰੋ)- ਕੇਂਦਰੀ ਖੇਤੀ ਰਾਜ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਦੀ ਵੈਬਸਾਈਟ ਨੂੰ ਕੱਲ੍ਹ ਪਾਕਿਸਤਾਨੀ ਹੈਕਰਾਂ ਨੇ ਹੈਕ ਕਰ ਲਿਆ ਜਾਣ ਦੀ ਖਬਰ ਮਿਲੀ ਹੈ। ਹੈਕਰਾਂ ਨੇ ਵੈਬਸਾਈਟ ਨੂੰ ਹੈਕ ਕਰਨ ਮਗਰੋਂ ਉਸ ਉੱਤੇ ਦੇਸ਼ ਵਿਰੋਧੀ ਨਾਅਰੇ ਲਿਖ ਦਿੱਤੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਚੁਣੌਤੀ ਦਿੱਤੀ ਹੈ। ਕੇਂਦਰੀ ਮੰਤਰੀ ਦੀ ਵੈਬਸਾਈਟ ਹੈਕ ਹੋਣ ਤੋਂ ਬਾਅਦ ਸੁਰੱਖਿਆ ਏਜੰਸੀਆਂ ਚੌਕਸ ਹੋ ਗਈਆਂ।

ਮਿਲੀ ਜਾਣਕਾਰੀ ਅਨੁਸਾਰ ਸ਼ੇਖਾਵਤ ਦੀ ਵੈਬਸਾਈਟ ਨੂੰ ਕੱਲ੍ਹ ਹੈਕ ਕਰ ਕੇ ਹੈਕਰਾਂ ਨੇ ਇਸ ਉੱਤੇ ਲਿਖ ਦਿੱਤਾ ਕਿ ਮੋਦੀ ਤੂੰ ਫਿਲਮਾਂ ਬਣਾ ਸਕਦਾ ਹੈਂ, ਹਮਲਾ ਨਹੀਂ ਕਰ ਸਕਦਾ। ਹੈਕਰਾਂ ਨੇ ਲਿਖਿਆ ਕਿ ਉੜੀ ਤੇ ਫੈਂਟਮ ਜਿਹੀਆਂ ਦੋ ਚਾਰ



ਹੋਰ ਫਿਲਮਾਂ ਬਣਾ ਲਓ। ਸ਼ੇਖਾਵਤ ਲੰਬੇ ਸਮੇਂ ਤੱਕ ਸੰਘ ਪਰਵਾਰ ਦੀ ਵਿਚਾਰਧਾਰਾ ਵਾਲੀ 'ਸੀਮਾ ਜਨ ਕਲਿਆਣ ਕਮੇਟੀ' ਨਾਲ ਜੁੜੇ ਰਹੇ ਹਨ। ਉਨ੍ਹਾਂ ਨੇ ਕਰੀਬ 20 ਸਾਲ ਤੱਕ ਇਸ ਸੰਗਠਨ 'ਚ ਕੰਮ ਕੀਤਾ ਹੋਇਆ ਹੈ। ਇਹ ਕਮੇਟੀ ਭਾਰਤ ਪਾਕਿਸਤਾਨ ਦੇ ਬਾਰਡਰ ਨਾਲ ਜੁੜੇ ਪੱਛਮੀ ਰਾਜਸਥਾਨ ਦੇ ਜੋਧਪੁਰ, ਬਾੜਮੇਰ, ਜੈਸਲਮੇਰ ਅਤੇ ਸ੍ਰੀਗੰਗਾਨਗਰ ਜ਼ਿਲੇ 'ਚ ਸਰਗਰਮ ਹਨ। ਵੈਬਸਾਈਟ ਹੈਕ ਹੋਣ ਪਿੱਛੋਂ ਸੁਰੱਖਿਆ ਏਜੰਸੀਆਂ ਚੌਕਸ ਹੋ ਗਈਆਂ ਹਨ।

# ਪਤਨੀ ਨਾਲ ਝਗੜੇ ਪਿੱਛੋਂ ਵੱਖ ਹੋ ਕੇ ਦੂਸਰਾ ਵਿਆਹ ਕੀਤਾ, ਫਿਰ ਪਹਿਲੀ ਆਣ ਵੜੀ

ਮੁਰਾਦਾਬਾਦ, 15 ਜਨਵਰੀ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਦੇ ਮੁਗਲਪੁਰਾ ਇਲਾਕੇ ਦਾ ਰਹਿਣ ਵਾਲਾ ਇੱਕ ਐਕਸਪੋਰਟਰ ਦੋ ਪਤਨੀਆਂ ਦੇ ਵਿਚਕਾਰ ਫਸ ਗਿਆ ਹੈ। ਦਰਅਸਲ ਪਹਿਲੀ ਪਤਨੀ ਤੋਂ ਵੱਖ ਹੋਣ ਦੇ ਬਾਅਦ ਉਸ ਨੇ ਦੂਸਰਾ ਵਿਆਹ ਕਰ ਲਿਆ ਸੀ। 15 ਦਿਨ ਬਾਅਦ ਪਹਿਲੀ ਪਤਨੀ ਵਾਪਸ ਆ ਗਈ। ਦੋਵਾਂ ਪਤਨੀਆਂ ਨੇ ਜਦ ਪਤੀ 'ਤੇ ਹੱਕ ਜਤਾਇਆ ਤਾਂ ਮਾਮਲਾ ਪੁਲਸ ਥਾਣੇ ਪਹੁੰਚ ਗਿਆ।

ਮਹਿਲਾ ਥਾਣਾ ਇੰਸਪੈਕਟਰ ਰਜਨੀ ਦਿਵੇਦੀ ਨੇ ਦੱਸਿਆ ਕਿ ਇਥੇ ਰਹਿੰਦੀ ਇੱਕ ਮਹਿਲਾ ਨੇ 15 ਸਾਲ ਪਹਿਲਾਂ ਐਕਸਪੋਰਟਰ ਨਾਲ ਲਵ ਮੈਰਿਜ ਕੀਤੀ ਸੀ। ਉਨ੍ਹਾਂ ਦੇ ਚਾਰ ਬੱਚੇ ਹਨ। ਕਰੀਬ ਇੱਕ ਮਹੀਨੇ ਪਹਿਲਾਂ ਪਤੀ-ਪਤਨੀ ਵਿੱਚ ਝਗੜਾ ਹੋ ਗਿਆ, ਜਿਹੜਾ ਇੰਨਾ ਵਧਿਆ ਕਿ ਮਹਿਲਾ ਵੱਖ ਰਹਿਣ ਲੱਗੀ। ਦੋਸਤ-ਰਿਸ਼ਤੇਦਾਰਾਂ ਨੇ ਸੁਲ੍ਹਾ ਕਰਵਾਉਣ ਦੀ ਕੋਸ਼ਿਸ਼ ਕੀਤੀ, ਪਰ ਗੱਲ ਨਹੀਂ ਬਣੀ। ਇਸ ਦੇ ਬਾਅਦ ਐਕਸਪੋਰਟਰ ਨੇ ਦੂਸਰਾ ਵਿਆਹ ਕਰ ਲਿਆ। 15 ਦਿਨ ਬੀਤੇ ਸਨ, ਪਹਿਲੀ ਪਤਨੀ ਵਾਪਸ ਆ ਗਈ ਅਤੇ ਨਾਲ ਰਹਿਣ ਦੀ ਜ਼ਿੱਦ ਕਰਨ ਲੱਗੀ। ਦੂਸਰੀ ਨੇ ਪਹਿਲੀ ਪਤਨੀ ਨਾਲ ਰਹਿਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਨਾਰਾਜ ਦੂਸਰੀ ਪਤਨੀ ਨੇ ਮਹਿਲਾ ਕਮਿਸ਼ਨ ਦੇ ਸਾਹਮਣੇ ਪੇਸ਼ ਹੋ ਕੇ ਇਨਸਾਫ ਦੀ ਮੰਗ ਕੀਤੀ ਹੈ। ਇੰਸਪੈਕਟਰ ਰਜਨੀ ਦਿਵੇਦੀ ਨੇ ਦੋਵਾਂ ਪਤਨੀਆਂ ਨੂੰ ਸਮਝਾਇਆ। ਇਸ ਦੇ ਬਾਅਦ ਦੂਸਰੀ ਪਤਨੀ ਵੱਖ ਹੋਣ ਲਈ ਰਾਜ਼ੀ ਹੋ ਗਈ, ਪ੍ਰੰਤੂ ਉਸ ਨੇ ਐਕਸਪੋਰਟਰ ਨੂੰ ਇੱਕ ਮਕਾਨ ਦੇਣ ਦੀ ਮੰਗ ਕਰ ਦਿੱਤੀ, ਤਾਂ ਕਿ ਭਵਿੱਖ ਵਿੱਚ ਉਸ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ। ਇੰਸਪੈਕਟਰ ਦੇ ਮੁਤਾਬਕ ਦੋਵਾਂ ਧਿਰਾਂ ਨੂੰ ਗੱਲਬਾਤ ਨਾਲ ਕੇਸ ਸੁਲਝਾਉਣ ਲਈ ਕਿਹਾ ਗਿਆ ਹੈ। ਜੇ ਗੱਲਬਾਤ ਨਾਲ ਗੱਲ ਨਹੀਂ ਬਣੀ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਏਗੀ।

# ਚਾਈਨਾ ਡੋਰ ਨਾਲ ਇਕ ਦੀ ਮੌਤ

ਅੰਮ੍ਰਿਤਸਰ, 15 ਜਨਵਰੀ (ਪੋਸਟ ਬਿਊਰੋ)- ਜ਼ਿਲਾ ਪ੍ਰਸ਼ਾਸਨ ਵੱਲੋਂ ਲਾਈ ਰੋਕ ਦੇ ਬਾਵਜੂਦ ਵਿਕਦੀ ਤੇ ਵਰਤੀ ਜਾ ਰਹੀ ਚਾਈਨਾ ਡੋਰ ਨੇ ਲੋਹੜੀ ਮੌਕੇ ਇਕ ਵਿਅਕਤੀ ਦੀ ਜਾਨ ਲੈ ਲਈ। ਇਸ ਡੋਰ ਕਾਰਨ ਸਕੂਟਰ ਸਵਾਰ ਵਿਅਕਤੀ ਦੀਆਂ ਅੱਖਾਂ ਜ਼ਖਮੀ ਹੋ ਗਈਆਂ ਤੇ ਉਹ ਸਕੂਟਰ ਤੋਂ ਹੇਠਾਂ ਡਿੱਗ ਗਿਆ, ਜਿਸ ਨਾਲ ਉਸ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਰਮਨ ਕੁਮਾਰ (27) ਵਾਸੀ ਲਾਹੌਰੀ ਗੇਟ ਵਜੋਂ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਉਹ ਆਪਣੇ ਇਕ ਸਾਥੀ ਨਾਲ ਮਕਬੂਲਪੁਰਾ ਵਿੱਚ ਰਿਸ਼ਤੇਦਾਰੀ ਵਿੱਚ ਗਿਆ ਸੀ, ਜਿਥੇ ਇਹ ਹਾਦਸਾ ਵਾਪਰਿਆ। ਨਗਰ ਨਿਗਮ ਦੇ ਡਿਪਟੀ ਮੇਅਰ ਯੂਨਸ ਕੁਮਾਰ, ਜੋ ਖੁਦ ਲਾਹੌਰੀ ਗੇਟ ਦੇ ਵਾਸੀ ਹਨ, ਨੇ ਇਸ ਘਟਨਾ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਡੋਰ ਕਾਰਨ ਰਮਨ ਦੀਆਂ ਅੱਖਾਂ ਤੇ ਨੱਕ ਜ਼ਖਮੀ ਹੋ ਗਿਆ ਤੇ ਉਹ ਸਕੂਟਰ ਤੋਂ ਸੰਤੁਲਨ ਗੁਆ ਬੈਠਾ ਤੇ ਹੇਠਾਂ ਡਿੱਗ ਗਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

Get the right INSURANCE for you!

AUTO | HOME | BUSINESS

Life Insurance, Critical Illness, Disability, Super Visa Insurance, Travel & Visitor Insurance, Investments

Damanjit S. Kainth (KD) 416.554.1869 damanjit@hotmail.com




## ਲੜਕੀ ਦੀ ਲੋੜ

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ, ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਗਿੱਲ ਲੜਕਾ, ਉਮਰ 31 ਸਾਲ, ਕੱਦ 5'6", ਪਿਛਲੇ 10 ਸਾਲਾਂ ਤੋਂ ਦੁਬਾਈ ਵਿੱਚ ਟਰੱਕ ਚਲਾ ਰਿਹ ਲੜਕੇ ਲਈ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 00918699923074 । 00971559436629(Whatsapp)

ਜੱਟ ਸਿੱਖ ਸੰਘਾ, ਇਕਲੌਤਾ ਲੜਕਾ, ਵੈਸ਼ਨੂੰ, ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, District ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

ਜੱਟ ਸਿੱਖ ਲੜਕਾ ਉਮਰ 31 ਸਾਲ, ਗੋਤ ਗਿੱਲ, ਲੰਬਾਈ 5 ਫੁੱਟ 6 ਇੰਚ, ਜੋ ਕਿ ਦੁਬਈ ਵਿਚ ਪਿਛਲੇ ਦਸ ਸਾਲਾਂ ਤੋ ਟਰੱਕ ਚਲਾ ਰਿਹਾ ਹੈ, ਲਈ ਲੜਕੀ ਦੀ ਲੋੜ ਹੈ। ਸੰਪਰਕ- ਮੋਬਾ:00918699923074, ਵਟਸਐਪ-00971559436629

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ, ਕੱਦ 5'-10", Computer ਡਿਪਲੋਮਾ, ਵੀਜ਼ਿਟਰ ਵੀਜ਼ੇ ਤੇ ਆਏ ਲੜਕੇ ਲਈ P.R ਜਾਂ citizen ਲੜਕੀ ਦੀ ਲੋੜ ਹੈ। ਲੜਕੇ ਦੀਆਂ ਭੈਣਾ ਕੈਨੇਡਾ ਵਿੱਚ ਸੈਟਲਡ ਹਨ। ਮਾਂ ਪਿਉ Super Visa ਤੇ ਹਨ। ਕਿਰਪਾ ਕਰਕੇ ਸੰਪਰਕ ਕਰੋ- 647-721-4039

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 । 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ, ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :
91-9888871813 । 306-612-4093
ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 29 ਸਾਲ, ਕੱਦ 5'-2", M.A Med, ਕੈਨੇਡਾ ਨੈਨੀ ਬੇਸ ਤੇ ਆਈ ਹੋਈ ਲੜਕੀ ਲਈ ਲੜਕੇ ਦੀ ਲੋੜ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
416-879-0439 । 289-801-4533
ਜਾਂ ਇ ਮੇਲ ਕਰੋ: lakhwinderdhindsa@yahoo.com

Beautiful sikh Ramgarhia girl (M.Com) 40 years 5'3" working as HR Manager, belongs to educated family in Yamuna Nagar, seeks suitable match and well settled Sikh boy in Canada. Girl currently in Canada. Contact 437-992-5196 ramanpreet.saggu@yahoo.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990, ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ, ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੜਕੀ ਉਮਰ 28 ਸਾਲ, ਕੱਦ 5'4", B.SC Nursing, Diploma, ਕੈਨੇਡਾ Express Entry ਰਾਹੀ PR ਅਪਲਾਈ ਲਈ pr ਜਾਂ Work permit ਤੇ ਪੜੇ-ਲਿਖੇ ਲੜਕੇ ਦੀ ਲੋੜ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ।
ਸੰਪਰਕ ਕਰੋ: 647-616-4244, 647-328-1601 ਜਾਂ
Whatsapp- 700-90-60-269

Beautiful Sikh Tonk Kshatriya Girl (M. Pharma) Dec 1988 5'4" working as Asst. Professor belongs to educated family from Amritsar seeks suitable match and well settled Sikh boy in Canada. Parents are in Canada on visitor visa.
Contact 647-624-7733 gpspreet@gmail.com

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

City Translogistics Co.
ਨੂੰ ਡਰਾਈਵਰਾਂ ਦੀ ਲੋੜ ਹੈ
— City ਲਈ $22/hour
— Single Driver 80 cents/mile
— Minimum 1 year Experience US/Canada
— USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੋਲ।
ਜਿਆਦਾ ਜਾਣਕਾਰੀ ਲਈ: 647-632-1742

ਨੈਨੀ ਦੀ ਲੋੜ ਹੈ!
Punjabi Speaking - Take Care of a 3Yr Old
Responsibilities Include Cleaning & Cooking
8hrs/day (Mon - Fri)
647.449.0033 | 416.823.2556

Wanted Office Clerk & Office Administrator
- Fluent in English & Hindi are essential
- Good communication skills
- Good computer skills
- Willing to work in a fast paced work environment.
Please Email Resume at: molly@jfgroup.ca

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience
Email Resume at umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

# ਲੋਹੜੀ ਦੀ ਰਾਤ ਚੋਣਾਂ ਦੀ ਰੰਜਿਸ਼ ਵਿੱਚ ਹਮਲੇ ਕਾਰਨ ਮਹਿਲਾ ਦੀ ਮੌਤ

ਗੁਰਦਾਸਪੁਰ, 15 ਜਨਵਰੀ (ਪੋਸਟ ਬਿਊਰੋ)- ਐਤਵਾਰ ਸ਼ਾਮ ਜਦ ਲੋਕ ਆਪਣੇ ਘਰਾਂ ਵਿੱਚ ਲੋਹੜੀ ਮਨਾ ਰਹੇ ਸਨ ਤੇ ਭੁੱਗਾ ਸੇਕ ਰਹੇ ਸਨ ਤਾਂ ਥਾਣਾ ਕਾਹਨੂਵਾਨ ਦੇ ਪਿੰਡ ਸੱਲੋਪੁਰ ਵਿੱਚ ਕੁਝ ਲੋਕਾਂ ਨੇ ਪੰਚਾਇਤੀ ਚੋਣਾਂ ਦੀ ਰੰਜਿਸ਼ ਕੱਢਣ ਦੇ ਲਈ ਇੱਕ ਘਰ 'ਤੇ ਤੇਜ਼ਧਾਰ ਹਥਿਆਰਾਂ ਅਤੇ ਇੱਟਾਂ ਨਾਲ ਹਮਲਾ ਕਰ ਕੇ ਇੱਕ ਮਹਿਲਾ ਦੀ ਹੱਤਿਆ ਕਰ ਦਿੱਤੀ, ਜਦ ਕਿ ਹਮਲੇ ਵਿੱਚ ਮ੍ਰਿਤਕ ਦਾ ਭਤੀਜਾ ਜ਼ਖਮੀ ਹੋ ਗਿਆ। ਥਾਣਾ ਕਾਹਨੂਵਾਨ ਪੁਲਸ ਨੇ ਛੇ ਲੋਕਾਂ ਦੇ ਖਿਲਾਫ ਹੱਤਿਆ ਦਾ ਮਾਮਲਾ ਦਰਜ ਕੀਤਾ ਹੈ। ਸਾਰੇ ਦੋਸ਼ੀ ਫਰਾਰ ਹਨ।

ਪਿੰਡ ਸੱਲੋਪੁਰ ਦੇ ਚੌਕੀਦਾਰ ਪੰਡਿਤ ਤਰਸੇਮ ਸਿੰਘ ਨੇ ਦੱਸਿਆ ਕਿ ਚੋਣਾਂ ਦੌਰਾਨ ਪਿੰਡ ਵਿੱਚ ਦੋ ਉਮੀਦਵਾਰ ਖੜੇ ਸਨ। ਅਸੀਂ ਉਮੀਦਵਾਰ ਦੀਦਾਰ ਸਿੰਘ ਕਿਰਤੀ ਦਾ ਸਮਰਥਨ ਕਰਦੇ ਸੀ, ਸਾਡੇ ਗੁਆਂਢੀ ਮੁਖਤਿਆਰ ਸਿੰਘ ਦਾ ਪਰਵਾਰ ਦੂਸਰੇ ਉਮੀਦਵਾਰ ਦੇ ਨਾਲ ਸੀ। ਇਸੇ ਕਾਰਨ ਮੁਖਤਿਆਰ ਸਿੰਘ ਦਾ ਪਰਵਾਰ ਸਾਡੇ ਨਾਲ ਰੰਜਿਸ਼



ਰੱਖਦਾ ਸੀ। ਤਰਸੇਮ ਨੇ ਦੱਸਿਆ ਕਿ ਮੇਰਾ ਭਤੀਜਾ ਹੀਰਾ ਸਿੰਘ ਪੁੱਤਰ ਰਤਨ ਸਿੰਘ ਚੋਣਾਂ ਵਿੱਚ ਸਭ ਤੋਂ ਅੱਗੇ ਸੀ, ਜਿਸ ਕਾਰਨ ਉਕਤ ਲੋਕਾਂ ਨੇ ਹੀਰਾ ਸਿੰਘ ਦਾ ਕਤਲ ਕਰਨ ਦੀ ਯੋਜਨਾ ਬਣਾ ਰੱਖੀ ਸੀ। ਐਤਵਾਰ ਸਾਰਾ ਦਿਨ ਉਕਤ ਪਰਵਾਰ ਨੇ ਰੰਜਿਸ਼ ਦੇ ਤਹਿਤ ਹੀਰਾ ਨੂੰ ਕਤਲ ਕਰਨਾ ਚਾਹਿਆ, ਪ੍ਰੰਤੂ ਸ਼ਾਮ ਤੱਕ ਉਹ ਉਨ੍ਹਾਂ ਦੇ ਹੱਥ ਨਹੀਂ ਲੱਗਾ। ਦੇਰ ਸ਼ਾਮ ਜਦ ਅਸੀਂ ਸਭ ਘਰ ਬੈਠੇ ਸੀ ਤਾਂ ਮੁਖਤਿਆਰ ਸਿੰਘ ਦਾ ਬੇਟਾ ਹੀਰਾ ਨੂੰ ਬੁਲਾ ਆਪਣੇ ਘਰ ਸ਼ਰਾਬ ਪੀਣ ਲਈ ਲੈ ਗਿਆ। ਉਥੇ ਪਹਿਲਾਂ ਤੋਂ ਹੀ ਕੁਝ ਲੋਕ ਮੌਜੂਦ ਸਨ। ਹੀਰਾ ਦੇ ਉਥੇ ਪਹੁੰਚਦੇ ਸਾਰ ਉਨ੍ਹਾਂ ਨੇ ਹੀਰਾ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਹ ਕਿਸੇ ਤਰ੍ਹਾਂ ਨਾਲ ਭੱਜ ਕੇ ਘਰ ਪਹੁੰਚਿਆ ਤਾਂ ਉਕਤ ਲੋਕਾਂ ਨੇ ਤੇਜ਼ਧਾਰ ਹਥਿਆਰਾਂ ਅਤੇ ਇੱਟਾਂ ਨਾਲ ਸਾਡੇ ਘਰ 'ਤੇ ਹਮਲੇ ਕਰ ਦਿੱਤਾ। ਇਸ ਦੌਰਾਨ ਮੇਰੀ ਪਤਨੀ ਮਨਜੀਤ ਕੌਰ ਜਦ ਦਰਵਾਜ਼ਾ ਬੰਦ ਕਰਨ ਲਈ ਅੱਗੇ ਹੋਈ ਤਾਂ ਦੋਸ਼ੀਆਂ ਨੇ ਉਸ ਦੇ ਸਿਰ 'ਤੇ ਇੱਟ ਮਾਰ ਦਿੱਤੀ, ਜਿਸ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਗਈ। ਉਥੇ ਹੀ ਹੀਰਾ ਸਿੰਘ ਨੂੰ ਵੀ ਸੱਟਾਂ ਲੱਗੀਆਂ ਹਨ, ਜਿਸ ਨੂੰ ਸਿਵਲ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਹੈ।

# ਘਰ ਜਾਣ ਜੋਗਾ ਰਸਤਾ ਮੰਗਣ ਉੱਤੇ ਨੌਜਵਾਨ ਦਾ ਕਤਲ

ਅੰਮ੍ਰਿਤਸਰ, 15 ਜਨਵਰੀ (ਪੋਸਟ ਬਿਊਰੋ)- ਰਸਤੇ 'ਚ ਭੁੱਗਾ ਬਾਲ ਕੇ ਲੋਹੜੀ ਮਨਾ ਰਹੇ ਨੌਜਵਾਨਾਂ ਨੇ ਇਕ ਨੌਜਵਾਨ ਫੋਟੋਗ੍ਰਾਫਰ ਦਾ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ ਹੈ। ਇਹ ਕਤਲ ਕੇਵਲ ਇਸ ਲਈ ਕੀਤਾ ਗਿਆ ਕਿ ਮੋਟਰ ਸਾਈਕਲ ਸਵਾਰ ਫੋਟੋਗ੍ਰਾਫਰ ਆਪਣੇ ਘਰ ਜਾਣ ਲਈ ਉਨ੍ਹਾਂ ਕੋਲੋਂ ਰਸਤਾ ਮੰਗ ਰਿਹਾ ਸੀ।

ਕੱਲ੍ਹ ਰਾਤ ਦੀ ਇਸ ਘਟਨਾ 'ਚ ਪੁਲਸ ਵੱਲੋਂ ਕਾਤਲਾਂ ਨੂੰ ਫੜਨ 'ਚ ਕੀਤੀ ਦੇਰੀ ਕਾਰਨ ਮ੍ਰਿਤਕ ਦੇ ਵਾਰਸਾਂ ਵੱਲੋਂ ਕੱਲ੍ਹ ਇਥੇ ਥਾਣਾ ਬੀ ਡਵੀਜ਼ਨ ਦੇ ਬਾਹਰ ਲਾਸ਼ ਰੱਖ ਕੇ ਪੁਲਸ ਖਿਲਾਫ ਰੋਸ ਪ੍ਰਦਰਸ਼ਨ ਵੀ ਕੀਤਾ। ਮ੍ਰਿਤਕ ਦੀ ਪਛਾਣ ਕੰਵਲਜੀਤ ਸਿੰਘ (25) ਪੁੱਤਰ ਮਨਜੀਤ ਸਿੰਘ ਵਾਸੀ ਤੇਜ ਨਗਰ ਸੁਲਤਾਨਵਿੰਡ ਰੋਡ ਅੰਮ੍ਰਿਤਸਰ ਵਜੋਂ ਹੋਈ ਹੈ। ਉਹ ਫੋਟੋਗ੍ਰਾਫਰ ਦਾ ਕੰਮ ਕਰਦਾ ਸੀ, ਜਿਸ ਦਾ ਹਾਲੇ ਅੱਠ ਨੌ ਮਹੀਨੇ ਪਹਿਲਾਂ ਵਿਆਹ ਹੋਇਆ ਸੀ। ਉਹ ਕੱਲ੍ਹ ਰਾਤ ਕਰੀਬ ਸਾਢੇ ਦਸ ਵਜੇ ਜਦੋਂ ਆਪਣੇ ਘਰ ਜਾਣ ਲਈ ਆਪਣੇ ਦੋਸਤ ਨਾਲ ਜਾ ਰਿਹਾ ਸੀ ਤਾਂ ਰਸਤੇ ਵਿੱਚ ਲੱਕੜਾਂ ਦਾ ਭੁੱਗਾ ਬਾਲ ਕੇ ਕੁਝ ਲੋਕ ਭੰਗੜਾ ਪਾ ਕੇ ਲੋਹੜੀ ਮਨਾ ਰਹੇ ਸਨ। ਨੌਜਵਾਨ ਨੇ ਆਪਣੇ ਘਰ ਜਾਣ ਲਈ ਉਨ੍ਹਾਂ ਕੋਲੋਂ ਰਾਹ ਮੰਗਿਆ ਤਾਂ




ਉਸ 'ਚ ਸ਼ਾਮਲ ਨੌਜਵਾਨਾਂ ਨੇ ਰਾਹ ਦੇਣ ਦੀ ਥਾਂ ਉਸ ਨਾਲ ਝਗੜਾ ਸ਼ੁਰੂ ਕਰ ਦਿੱਤਾ ਤੇ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਇਸੇ ਦੌਰਾਨ ਫੋਟੋਗ੍ਰਾਫਰ ਦਾ ਦੋਸਤ ਭੱਜ ਨਿਕਲਿਆ, ਪਰ ਨੌਜਵਾਨ ਫੋਟੋਗ੍ਰਾਫਰ ਦਾ ਅੱਧੀ ਦਰਜਨ ਦੇ ਕਰੀਬ ਨੌਜਵਾਨਾਂ ਨੇ ਕਿਰਚਾਂ ਮਾਰ ਕੇ ਕਤਲ ਕਰ ਦਿੱਤਾ। ਪੁਲਸ ਵੱਲੋਂ ਇਸ ਬਾਰੇ ਵਿਖਾਈ ਢਿੱਲਮੱਠ ਬਾਰੇ ਮ੍ਰਿਤਕ ਦੇ ਵਾਰਸਾਂ ਤੇ ਇਲਾਕਾ ਵਾਸੀਆਂ ਨੇ ਲਾਸ਼ ਇਥੇ ਸੁਲਤਾਨਵਿੰਡ ਚੌਕ ਦੇ ਥਾਣਾ ਬੀ ਡਵੀਜ਼ਨ ਦੇ ਬਾਹਰ ਰੱਖ ਕੇ ਪੁਲਸ ਖਿਲਾਫ ਰੋਸ ਪ੍ਰਦਰਸ਼ਨ ਵੀ ਕੀਤਾ। ਏ ਡੀ ਸੀ ਪੀ ਜਗਜੀਤ ਸਿੰਘ ਵਾਲੀਆ ਨੇ ਦੱਸਿਆ ਕਿ ਇਸ ਮਾਮਲੇ 'ਚ ਪੁਲਸ ਵੱਲੋਂ ਰਿੰਕੂ ਤੇ ਗੋਲਡੀ ਵਾਸੀਆਂ ਤੇਜ ਨਗਰ ਸੁਲਤਾਨਵਿੰਡ ਤੇ ਤਿੰਨ ਚਾਰ ਹੋਰ ਅਣਪਛਾਤੇ ਲੋਕਾਂ ਖਿਲਾਫ ਕਤਲ ਦਾ ਪਰਚਾ ਦਰਜ ਕੀਤਾ ਗਿਆ ਹੈ, ਜਿਨ੍ਹਾਂ ਨੂੰ ਜਲਦ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।

# ਲੋਹੜੀ ਦਾ ਜਸ਼ਨ ਮਨਾਉਂਦੇ ਪਤੀ-ਪਤਨੀ ਛੱਤ ਤੋਂ ਡਿੱਗੇ, ਪਤੀ ਦੀ ਮੌਤ, ਪਤਨੀ ਜ਼ਖਮੀ

ਮਕਸੂਦਾਂ, 15 ਜਨਵਰੀ (ਪੋਸਟ ਬਿਊਰੋ)- ਜਦੋਂ ਸ਼ਹਿਰ ਲੋਹੜੀ ਦੇ ਜਸ਼ਨਾਂ 'ਚ ਡੁੱਬਿਆ ਹੋਇਆ ਸੀ, ਓਦੋਂ ਥਾਣਾ ਅੱਠ ਦੇ ਅਧੀਨ ਪੈਰਾਡਾਈਜ਼ ਕਾਲੋਨੀ ਐਕਸਟੈਂਸ਼ਨ ਕੋਟਲਾ ਰੋਡ 'ਚ ਇਕ ਜੋੜਾ ਲੋਹੜੀ ਦੇ ਜਸ਼ਨ 'ਚ ਸ਼ਰਾਬ ਦੇ ਨਸ਼ੇ 'ਚ ਐਨਾ ਡੁੱਬ ਗਿਆ ਕਿ ਪਤੀ-ਪਤਨੀ ਛੱਤ ਤੋਂ ਥੱਲੇ ਖਾਲੀ ਪਲਾਟ, ਜਿਥੇ ਕੱਚ ਪਿਆ ਸੀ, ਉਤੇ ਡਿੱਗ ਪਏ ਅਤੇ ਪਤੀ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਹਰਮਿੰਦਰ ਸਿੰਘ ਪੁੱਤਰ ਚਮਕੌਰ ਸਿੰਘ ਵਾਸੀ ਪੈਰਾਡਾਈਜ਼ ਕਾਲੋਨੀ ਐਕਸਟੈਨਸ਼ਨ ਵਜੋਂ ਹੋਈ ਹੈ, ਜ਼ਖਮੀ ਔਰਤ ਸਪਨਾ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

ਇਸ ਬਾਰੇ ਥਾਣਾ ਅੱਠ ਦੇ ਸਬ ਇੰਸਪੈਕਟਰ ਭਗਵੰਤ ਭੁੱਲਰ ਨੇ ਦੱਸਿਆ ਕਿ ਪਤੀ-ਪਤਨੀ ਲੋਹੜੀ ਮਨਾ ਰਹੇ ਸਨ ਅਤੇ ਦੇਰ ਰਾਤ ਦੋਵਾਂ ਨੇ ਸ਼ਰਾਬ ਦਾ ਸੇਵਨ ਵੱਧ ਕਰ ਲਿਆ। ਸ਼ਰਾਬ ਦੇ ਨਸ਼ੇ 'ਚ ਦੋਵੇਂ ਪਤੀ-ਪਤਨੀ ਰਾਤ ਮਕਾਨ ਦੀ ਛੱਤ ਉਪਰ ਚਲੇ ਗਏ, ਜਿਥੇ ਪਤੀ ਨੇ ਆਪਣੀ ਪਤਨੀ ਨੂੰ ਗੋਦ 'ਚ ਚੁੱਕ ਲਿਆ, ਪਰ ਨਸ਼ੇ ਕਾਰਨ ਸੰਤੁਲਨ ਵਿਗੜਿਆ ਤੇ ਛੱਤ ਛੋਟੀ ਹੋਣ ਕਾਰਨ ਦੋਵੇਂ ਛੱਤ ਤੋਂ ਨਾਲ ਲੱਗਦੇ ਖਾਲੀ ਪਲਾਟ ਵਿੱਚ ਡਿੱਗ ਗਏ, ਜਿਥੇ ਕੱਚ ਪਿਆ ਸੀ। ਪਤੀ ਪਹਿਲਾ ਡਿੱਗਿਆ ਅਤੇ ਪਤਨੀ ਉਸ ਦੇ ਉਪਰ ਡਿੱਗ ਪਈ ਤੇ ਪਲਾਟ 'ਚ ਪਿਆ ਕੱਚ ਮ੍ਰਿਤਕ ਦੀ ਗਰਦਨ 'ਚ ਖੁੱਭ ਜਾਣ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਗਈ। ਰਾਤ ਡੇਢ ਵਜੇ ਦੇ ਕਰੀਬ ਵਾਪਰੇ ਹਾਦਸੇ ਦੇ ਸਮੇਂ ਮੌਕੇ 'ਤੇ ਕੋਈ ਹੋਰ ਮੌਜੂਦ ਨਹੀਂ ਸੀ। ਆਸਪਾਸ ਸੁੰਨਸਾਨ ਇਲਾਕਾ ਹੋਣ ਕਾਰਨ ਕਿਸੇ ਨੂੰ ਕੁਝ ਪਤਾ ਵੀ ਨਹੀਂ ਚੱਲ ਸਕਿਆ। ਤਿੰਨ ਵਜੇ ਦੇ ਕਰੀਬ ਸਪਨਾ ਨੂੰ ਹੋਸ਼ ਆਇਆ ਤਾਂ ਉਸ ਨੇ ਕਈਆਂ ਨੂੰ ਫੋਨ ਮਿਲਾਇਆ ਤੇ ਮ੍ਰਿਤਕ ਦੇ ਇਕ ਦੋਸਤ ਨੇ ਫੋਨ ਚੁੱਕਿਆ, ਜਿਸ ਨੇ ਮੌਕੇ 'ਤੇ ਪੁੱਜ ਕੇ ਐਂਬੂਲੈਂਸ ਰਾਹੀਂ ਸਪਨਾ ਨੂੰ ਹਸਪਤਾਲ ਦਾਖਲ ਕਰਵਾਇਆ।

# ਲੋਹੜੀ ਮੌਕੇ ਮਾਮੂਲੀ ਗੱਲ ਤੋਂ ਨੌਜਵਾਨ ਦਾ ਕਤਲ, ਦੋਸਤ ਤੇ ਭਰਾ ਜ਼ਖਮੀ

ਨਕੋਦਰ, 15 ਜਨਵਰੀ (ਪੋਸਟ ਬਿਊਰੋ)- ਪਿੰਡ ਚਾਨੀਆਂ ਵਿੱਚ ਲੋਹੜੀ ਮੌਕੇ ਧੂਣੀ ਸੇਕਦੇ ਸਮੇਂ ਮਾਮੂਲੀ ਝਗੜੇ ਵਿੱਚ ਹਾਕੀ ਤੇ ਕਿਰਪਾਨਾਂ ਨਾਲ ਕੀਤੇ ਹਮਲੇ 'ਚ ਇਕ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ ਤੇ ਦੋ ਨੌਜਵਾਨ ਜ਼ਖਮੀ ਹੋ ਗਏ। ਮ੍ਰਿਤਕ ਦੀ ਪਛਾਣ ਕਮਲਜੀਤ ਸਿੰਘ (22) ਪੁੱਤਰ ਸਤਨਾਮ ਸਿੰਘ, ਵਾਸੀ ਚਾਨੀਆਂ ਵਜੋਂ ਹੋਈ ਹੈ ਅਤੇ ਉਸ ਦਾ ਭਰਾ ਸੁਖਜਿੰਦਰ ਸਿੰਘ ਅਤੇ ਦੋਸਤ ਬਲਵਿੰ-ਦਰ ਸਿੰਘ ਪੁੱਤਰ ਪਾਲ ਸਿੰਘ ਪਿੰਡ ਚਾਨੀਆਂ ਜ਼ਖਮੀ ਹੋਏ ਹਨ। ਪੁਲਸ ਨੇ ਜ਼ਖਮੀ ਸੁਖਜਿੰਦਰ ਸਿੰਘ ਪੁੱਤਰ ਸਤਨਾਮ ਸਿੰਘ ਦੇ ਬਿਆਨਾਂ 'ਤੇ ਦੋਸ਼ੀ ਅਰਜਨ ਸਿੰਘ, ਉਸ ਦੇ ਭਰਾ ਹਰਸ਼ਵੀਰ ਸਿੰਘ ਤੇ ਪਿਤਾ ਜਸਵੀਰ ਸਿੰਘ ਸਮੇਤ ਤਿੰਨਾਂ 'ਤੇ ਕਤਲ ਦਾ ਕੇਸ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਹੈ।

ਸੁਖਜਿੰਦਰ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਚਾਨੀਆਂ ਅਨੁਸਾਰ ਪਿੰਡ 'ਚ ਸਮਾਧਾਂ ਵਾਲੇ ਚੌਕ 'ਚ ਲੋਹੜੀ ਮੌਕੇ ਧੂਣੀ ਲੱਗੀ ਹੋਈ ਸੀ। ਉਹ ਤੇ ਉਸ ਦਾ ਭਰਾ ਕਮਲਜੀਤ ਸਿੰਘ ਅਤੇ ਦੋਸਤ ਬਲਵਿੰਦਰ ਸਿੰਘ ਵੀ ਉਥੇ ਬੈਠੇ ਸਨ। ਏਨੇ ਨੂੰ ਅਰਜਨ ਸਿੰਘ ਉਸ ਦਾ ਭਰਾ ਹਰਸ਼ਵੀਰ ਸਿੰਘ ਪੁੱਤਰ ਜਸਵੀਰ ਸਿੰਘ ਵਾਸੀ ਚਾਨੀਆਂ ਵੀ ਉਥੇ ਧੂਣੀ 'ਤੇ ਆ ਗਏ ਅਤੇ ਆਉਂਦੇ ਹੀ ਅਰਜਨ ਸਿੰਘ ਨੇ ਉਸ ਨੂੰ ਅਜਿਹੀ ਗੱਲ ਕਹੀ, ਜੋ ਸੁਖਜਿੰਦਰ ਸਿੰਘ ਨੂੰ ਚੰਗੀ ਨਹੀਂ ਲੱਗੀ ਤੇ ਇਸ ਦੇ ਜਵਾਬ 'ਚ ਗੁੱਸੇ ਨਾਲ ਬੋਲਿਆ ਤੇ ਦੋਵੇਂ ਭਰਾ ਉਸ ਨੂੰ ਪਾਸੇ ਲੈ ਗਏ ਅਤੇ ਕੁੱਟਮਾਰ ਕੀਤੀ। ਫਿਰ ਉਸ ਦਾ ਦੋਸਤ ਤੇ ਭਰਾ ਆ ਗਏ ਤੇ ਝਗੜਾ ਖਤਮ ਕਰ ਦਿੱਤਾ, ਪਰ ਦੋਵੇਂ ਭਰਾਵਾਂ ਅਰਜਨ ਸਿੰਘ ਤੇ ਹਰਸ਼ਵੀਰ ਸਿੰਘ ਨੇ ਆਪਣੇ ਪਿਤਾ ਜਸਵੀਰ ਸਿੰਘ ਨੂੰ ਬੁਲਾ ਲਿਆ। ਜਸਵੀਰ ਸਿੰਘ ਨੇ ਵੀ ਉਸ ਨੂੰ ਗਾਲਾਂ ਕੱਢੀਆਂ, ਪਰ ਲੋਕਾਂ ਨੇ ਝਗੜਾ ਮੁਕਾ ਕੇ ਤੋਰ ਦਿੱਤਾ। ਉਸ ਦੇ ਦੋਸਤ ਬਲਵਿੰਦਰ ਸਿੰਘ ਨੂੰ ਜਦੋਂ ਉਹ ਉਸ ਦੇ ਘਰ ਕਰੀਬ 9 ਵਜੇ ਛੱਡਣ ਜਾ ਰਹੇ ਸੀ ਤਾਂ ਦੋਸ਼ੀ ਜਸਵੀਰ ਸਿੰਘ ਦੇ ਘਰ ਨੇੜੇ ਪਹੁੰਚੇ ਤਾਂ ਜਸਵੀਰ ਸਿੰਘ ਅਤੇ ਉਸ ਦੇ ਦੋਵੇਂ ਲੜਕੇ ਅਰਜਨ ਸਿੰਘ ਤੇ ਹਰਸ਼ਵੀਰ ਸਿੰਘ ਨੇ ਕਿਰਪਾਨਾਂ ਤੇ ਹਾਕੀਆਂ ਨਾਲ ਹਮਲਾ ਕਰ ਦਿੱਤਾ। ਉਸ ਦਾ ਕਹਿਣਾ ਹੈ ਕਿ ਜਸਵੀਰ ਸਿੰਘ ਨੇ ਮੇਰੇ ਭਰਾ ਕਮਲਜੀਤ ਸਿੰਘ ਦੇ ਸਿਰ 'ਚ ਹਾਕੀ ਨਾਲ ਸੱਟਾਂ ਮਾਰੀਆਂ ਤੇ ਉਸ ਦੇ ਪੁੱਤਰਾਂ ਨੇ ਉਸ ਦੇ ਅਤੇ ਦੋਸਤ ਬਲਵਿੰਦਰ ਸਿੰਘ ਨੂੰ ਕ੍ਰਿਪਾਨਾਂ ਦੇ ਪੁੱਠੇ ਪਾਸਿਓਂ ਵਾਰ ਕੀਤੇ। ਰੌਲਾ ਪਾਉਣ 'ਤੇ ਤਿੰਨੇ ਪਿਉ ਪੁੱਤਰ ਭੱਜ ਗਏ। ਉਨ੍ਹਾਂ ਨੂੰ ਸਿਵਲ ਹਸਪਤਾਲ ਨਕੋਦਰ ਲਿਆਂਦਾ ਗਿਆ, ਜਿਥੇ ਡਾਕਟਰਾਂ ਨੇ ਉਸ ਦੇ ਭਰਾ ਕਮਲਜੀਤ ਸਿੰਘ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਪੁਲਸ ਨੇ ਜਸਵੀਰ ਸਿੰਘ ਤੇ ਉਸ ਦੇ ਦੋਵੇਂ ਪੁੱਤਰਾਂ ਅਰਜਨ ਸਿੰਘ ਤੇ ਹਰਸ਼ਵੀਰ ਸਿੰਘ ਦੇ ਕਤਲ ਦਾ ਕੇਸ ਦਰਜ ਕਰਕੇ ਤਿੰਨਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ

• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ

Minimum 1 year experience & Trained mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

ਕਿ ਤੁਸੀ Auto ਤੇ Home Insurance ਦੀਆਂ ਵਡੀਆਂ ਕਿਸ਼ਤਾਂ ਤੋਂ ਪਰੇਸ਼ਾਨ ਹੋ? Insurance ਕਰਵਾਈ ਸੀ ਪਰ ਬਣੀ ਨੀ ਗੱਲ?

ਤਾਂ ਘਬਰਾਓ ਨਾ ਸੁਜੀਤ ਮਾਜੁਮਦਾਰ ਨੂੰ ਕਾਲ ਕਰੋ ਤੇ ਆਪਣੇ ਪੈਸੇ ਬਚਾਓ!

If you have 'G' license, 3 years experience & a clean record call today for the lowest & best insurance rates

Sujit Majumdar
Agent
Cell: 647-292-1996

Paying too much for auto insurance?
Call today for best & low rates!

27 Rean Drive, Unit 11,
Toronto, ON M2K 0A6

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਫੋਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਸਸਤੀਆਂ ਹਵਾਈ ਟਿਕਟਾਂ
RC Tours Specially Designed to Save Money in Travel
Tico# 50023814
○ Special Flights to India and Pakistan
○ Special Packages to cuba, mexico
○ Online visa application (India)
○ Cruise Booking ○ Travel insurance
Manjit Batra
manjit.rctours@gmail.com | www.rctours.ca
647.766.3929/647.490.4650
3459 Sheppard Ave. East, Suite 207 Scarborough

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

RESIDENTIAL - COMMERCIAL PROPERTY - INDUSTRIAL

KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com


GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO

CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

A/Z DRIVERS/OWNER OPERATORS NEEDED FOR LOCAL & USA
Earn upto $21 to $32/hr
• USA owner operators 0.95 cent/mile + Fuel
• USA company drivers 0.60 cent/ mile
• Canada owner Operators 0.85 cent/mile + Fuel
• Canada company Drivers 0.50 cent.mile
Skylark Logistics Inc.

Sam Mann: 416-617-2405
Mr. Kyla: 519-821-7999 ext.222

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

# ਸੀਰੀਅਸ ਰੋਲ ਦੀ ਇੱਛਾ ਹੈ : ਜੈਕਲੀਨ



ਬਾਲੀਵੁੱਡ ਵਿੱਚ ਜੈਕਲੀਨ ਫਰਨਾਂਡੀਜ਼ ਦਾ ਕਰੀਅਰ ਕਾਫੀ ਚੰਗਾ ਚੱਲ ਰਿਹਾ ਹੈ। ਲਗਾਤਾਰ ਉਸ ਦੀਆਂ ਫਿਲਮਾਂ ਰਿਲੀਜ਼ ਹੋ ਰਹੀਆਂ ਹਨ ਤੇ ਕਮਾਈ ਵੀ ਚੰਗੀ ਕਰ ਰਹੀਆਂ ਹਨ। ਇਸ ਵੇਲੇ ਉਸ ਦਾ ਮੰਨਣਾ ਹੈ ਕਿ ਬਤੌਰ ਅਭਿਨੇਤਰੀ ਉਸ ਨੂੰ ਖੁਦ ਦੀ ਖੋਜ ਕਰਨੀ ਅਜੇ ਬਾਕੀ ਹੈ ਕਿਉਂਕਿ ਹਾਲੇ ਤੱਕ ਉਸ ਨੇ ਜਿੰਨੀਆਂ ਵੀ ਫਿਲਮਾਂ ਕੀਤੀਆਂ ਹਨ, ਉਨ੍ਹਾਂ 'ਚ ਉਸ ਦੇ ਰੋਲ ਗਲੈਮਰਸ ਅਤੇ ਬਬਲੀ ਗਰਲ ਦੇ ਰਹੇ ਹਨ। ਇਸ ਕਾਰਨ ਉਸ ਦੀ ਇੱਕ ਬਬਲੀ ਅਭਿਨੇਤਰੀ ਦੀ ਇਮੇਜ ਬਣ ਗਈ ਹੈ, ਪਰ ਜੈਕਲੀਨ ਦੀ ਚਾਹਤ ਹੈ ਕਿ ਉਹ ਅੱਗੇ ਸੀਰੀਅਸ ਕਰੈਕਟਰਸ ਵੀ ਨਿਭਾਵੇ।

ਉਹ ਕਹਿੰਦੀ ਹੈ, 'ਅਜਿਹਾ ਨਹੀਂ ਹੈ ਕਿ ਮੈਂ ਸਿਰਫ ਗਲੈਮਰਸ ਰੋਲ ਹੀ ਪਸੰਦ ਕਰਦੀ ਹਾਂ। ਮੇਰੀ ਖਾਹਿਸ਼ ਹੈ ਕਿ ਸੀਰੀਅਸ ਸਿਨੇਮਾ ਵੀ ਕਰਾਂ, ਪਰ ਮੈਨੂੰ ਜੋ ਰੋਲ ਆਫਰ ਹੁੰਦੇ ਹਨ, ਉਹ ਮਸਤੀ ਨਾਲ ਭਰੇ ਹੁੰਦੇ ਹਨ। ਇਸੇ ਵਜ੍ਹਾ ਨਾਲ ਸ਼ਾਇਦ ਮੇਰੀ ਇਮੇਜ਼ ਸਕਰੀਨ 'ਤੇ ਚੁਲਬੁਲੀ ਲੜਕੀ ਦੀ ਬਣੀ ਹੋਈ ਹੈ, ਜਿਸ ਕਰ ਕੇ ਫਿਲਮ ਮੇਕਰਸ ਮੈਨੂੰ ਸੀਰੀਅਸ ਰੋਲ ਆਫਰ ਨਹੀਂ ਕਰਦੇ, ਕਦੇ ਸਟਰਾਂਗ ਅਤੇ ਸੀਰੀਅਸ ਰੋਲ ਮਿਲਿਆ ਤਾਂ ਜ਼ਰੂਰ ਕਰਾਂਗੀ। ਮੈਨੂੰ ਅਜਿਹਾ ਹਰ ਕਿਰਦਾਰ ਨਿਭਾਉਣ ਦੀ ਖਾਹਿਸ਼ ਹੈ, ਜਿਸ ਲਈ ਖਾਸ ਤਿਆਰੀ ਕਰਨੀ ਪਵੇ।'

ਜੈਕਲੀਨ ਕਹਿੰਦੀ ਹੈ, ''ਮੈਂ ਖੁਦ ਨੂੰ ਇੱਕ ਪ੍ਰਫੈਕਟ ਅਭਿਨੇਤਰੀ ਨਹੀਂ ਮੰਨਦੀ, ਪਰ ਇੰਨਾ ਜ਼ਰੂਰ ਹੈ ਕਿ ਮੈਂ ਫਿਲਮ ਨਗਰੀ ਵਿੱਚ ਸਰਵਾਈਵ ਕਰਨ ਲਾਇਕ ਬਣ ਗਈ ਹਾਂ। ਮੈਨੂੰ ਐਕਟਿੰਗ ਦੀ ਸਮਝ ਆ ਗਈ ਹੈ, ਇਸ ਨਾਲ ਮੇਰਾ ਕਰੀਅਰ ਸਟੇਬਲ ਹੋ ਰਿਹਾ ਹੈ?''

# ਤੁਹਾਡਾ ਦਿਮਾਗ ਹੀ ਤੁਹਾਡਾ ਗਾਈਡ ਹੈ : ਕ੍ਰਿਤੀ ਖਰਬੰਦਾ

ਮਾਡਲਿੰਗ ਤੋਂ ਆਪਣਾ ਕਰੀਅਰ ਸ਼ੁਰੂ ਕਰ ਕੇ ਕੰਨੜ, ਤਮਿਲ, ਤੇਲਗੂ ਤੇ ਹਿੰਦੀ ਫਿਲਮਾਂ ਵਿੱਚ ਕੰਮ ਕਰ ਰਹੀ ਅਭਿਨੇਤਰੀ ਕ੍ਰਿਤੀ ਖਰਬੰਦਾ ਨੇ 'ਰਾਜ਼ ਰਿਬੂਟ' ਨਾਲ ਬਾਲੀਵੁੱਡ ਵਿੱਚ ਐਂਟਰੀ ਕੀਤੀ ਸੀ। ਫਿਲਮ ਜ਼ਿਆਦਾ ਨਹੀਂ ਚੱਲੀ, ਪਰ ਉਸ ਵਿੱਚ ਉਸ ਦੇ ਅਭਿਨੈ ਨੂੰ ਤਾਰੀਫ ਮਿਲੀ। ਇਸ ਤੋਂ ਬਾਅਦ ਉਸ ਨੇ 'ਗੈਸਟ ਇਨ ਲੰਦਨ', 'ਸ਼ਾਦੀ ਮੇਂ ਜ਼ਰੂਰ ਆਨਾ', 'ਵੀਰੇ ਦੀ ਵੈਡਿੰਗ', 'ਯਮਲਾ ਪਗਲਾ ਦੀਵਾਨਾ ਫਿਰ ਸੇ' ਵਰਗੀਆਂ ਫਿਲਮਾਂ 'ਚ ਕੰਮ ਕੀਤਾ ਹੈ। ਪੇਸ਼ ਹਨ ਉਸ ਨਾਲ ਗੱਲਬਾਤ ਦੇ ਕੁਝ ਅੰਸ਼ :

* ਬਾਲੀਵੁੱਡ ਵਿੱਚ ਨਵੇਂ ਕਲਾਕਾਰਾਂ ਤੋਂ ਗਲੈਮਰ ਦੇ ਨਾਂਅ 'ਤੇ ਕਈ ਤਰ੍ਹਾਂ ਦੇ ਕੰਮ ਕਰਾਏ ਜਾਂਦੇ ਹਨ। ਕੀ ਕਲਾਕਾਰ ਦੇ ਰੂਪ 'ਚ ਤੁਸੀਂ ਆਪਣੇ ਲਈ ਲਛਮਣ ਰੇਖਾ ਖਿੱਚੀ ਹੈ?

– ਨਹੀਂ, ਮੈਂ ਹਾਲੇ ਕੋਈ ਲਛਮਣ ਰੇਖਾ ਨਹੀਂ ਖਿੱਚੀ। ਪਹਿਲਾਂ ਮੈਂ ਤੈਅ ਕੀਤਾ ਸੀ ਕਿ ਮੈਂ ਸਕਰੀਨ 'ਤੇ ਬਿਕਨੀ ਨਹੀਂ ਪਹਿਨਾਂਗੀ ਜਾਂ ਕਿਸਿੰਗ ਸੀਨ' ਨਹੀਂ ਕਰਾਂਗੀ, ਪਰ ਫਿਲਮ 'ਰਾਜ਼ ਰਿਬੂਟ' 'ਚ ਮੈਂ ਕੀਤਾ ਕਿਉਂਕਿ ਇਹ ਡਾਇਰੈਕਟਰ ਦੀ ਨਹੀਂ, ਸਗੋਂ ਕਹਾਣੀ ਦੀ ਮੰਗ ਸੀ। ਮੇਰੇ ਹਿਸਾਬ ਨਾਲ ਸਕਰੀਨ 'ਤੇ ਕਿਸਿੰਗ ਸੀਨ ਕਰਨਾ ਇੱਕ ਇਮੋਸ਼ਨ ਹੈ।

* ਕਿਤੇ ਅਜਿਹਾ ਤਾਂ ਨਹੀਂ ਕਿ ਇਥੇ ਇੱਕ ਆਊਟਸਾਈਡਰ ਲਈ ਲਛਮਣ ਰੇਖਾ ਬਣਾਉਣਾ ਮੁਸ਼ਕਲ ਹੁੰਦਾ ਹੈ?

– ਅਜਿਹਾ ਨਹੀਂ ਹੈ, ਹਰ ਕਿਸੇ ਦੀ ਸੋਚ ਵੱਖਰੀ ਹੈ। ਸਟਾਰ ਕਿਡ ਨੂੰ ਆਫਰ ਮਿਲਦੇ ਹਨ, ਪਰ ਆਖਰ ਉਨ੍ਹਾਂ ਨੂੰ ਆਪਣੇ ਆਪ ਨੂੰ ਪਰੂਵ ਕਰਨਾ ਪੈਂਦਾ ਹੈ। ਕੋਈ ਕਲਾਕਾਰ



ਫਿਲਮ ਵਿੱਚ ਇੰਟੀਮੇਟ ਸੀਨ ਕਰੇ ਜਾਂ ਨਾ ਕਰੇ ਇਹ ਪੂਰੀ ਤਰ੍ਹਾਂ ਉਸ 'ਤੇ ਨਿਰਭਰ ਕਰਦਾ ਹੈ। ਮੈਨੂੰ ਫਿਲਮਾਂ ਦੇ ਆਫਰ ਮਿਲਦੇ ਹਨ ਅਤੇ ਕਲਾਕਾਰ ਦੇ ਰੂਪ 'ਚ ਮੈਨੂੰ ਹਰ ਤਰ੍ਹਾਂ ਦੀਆਂ ਫਿਲਮਾਂ ਕਰਨ ਦੀ ਇੱਛਾ ਹੈ।

* ਫਿਲਮ ਨਗਰੀ ਵਿੱਚ ਮੈਂਟਰ ਜਾਂ ਗਾਡਫਾਦਰ ਦਾ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ। ਕੀ ਤੁਹਾਡਾ...?

– ਨਹੀਂ, ਮੈਂ ਆਪਣੇ ਆਪ ਨੂੰ ਆਪਣੇ ਮੈਂਟਰ ਮੰਨਦੀ ਹਾਂ। ਸ਼ੁਰੂ 'ਚ ਮੈਂ ਇਥੇ ਕਿਸੇ ਨੂੰ ਜਾਣਦੀ ਤੱਕ ਨਹੀਂ ਸੀ ਕਿ ਕਿਸ ਕੋਲ ਜਾਵਾਂ। ਜਦੋਂ ਫਿਲਮ 'ਰਾਜ਼ ਰਿਬੂਟ' ਨਹੀਂ ਚੱਲੀ ਤਾਂ ਮੈਨੂੰ ਲੱਗਾ ਕਿ ਕੰਮ ਮਿਲਣਾ ਔਖਾ ਹੋਵੇਗਾ, ਪਰ ਅਜਿਹਾ ਨਹੀਂ ਹੋਇਆ। ਮੈਨੂੰ ਕੰਮ ਮਿਲਿਆ। ਅਸਲ ਵਿੱਚ ਜ਼ਿੰਦਗੀ ਵਿੱਚ ਸਿਰਫ ਤੁਹਾਡਾ ਦਿਮਾਗ ਹੀ ਤੁਹਾਡਾ ਗਾਈਡ ਹੁੰਦਾ ਹੈ।

* ਤੁਹਾਡਾ ਸਪੱਸ਼ਟਵਾਦੀ ਹੋਣਾ ਤੁਹਾਡੇ ਕਰੀਅਰ ਨੂੰ ਫਾਇਦਾ ਪਹੁੰਚਾ ਰਿਹਾ ਹੈ ਜਾਂ...?

– ਮੈਂ ਹਮੇਸ਼ਾ ਤੋਂ ਹਾਜ਼ਰ ਜਵਾਬ ਰਹੀ ਹਾਂ। ਮੈਂ ਮਾਨਸਿਕ ਬਿਮਾਰੀ, ਔਰਤਾਂ ਤੇ ਬੱਚਿਆਂ 'ਤੇ ਜ਼ੁਲਮ ਆਦਿ ਸਾਰੇ ਵਿਸ਼ਿਆਂ 'ਤੇ ਖੁੱਲ੍ਹ ਕੇ ਗੱਲਾਂ ਕੀਤੀਆਂ ਹਨ। ਇਨ੍ਹਾਂ ਵਿਸ਼ਿਆਂ 'ਤੇ ਮੈਂ ਕੁਝ ਕਰਨਾ ਵੀ ਚਾਹੁੰਦੀ ਹਾਂ। ਮੈਂ ਕੁਝ ਗਲਤ ਸਹਿਣ ਨਹੀਂ ਕਰ ਸਕਦੀ ਅਤੇ ਇਸ ਬਾਰੇ ਕੁਝ ਕਹਿਣ ਨੂੰ ਵੀ ਗਲਤ ਨਹੀਂ ਮੰਨਦੀ। ਕਰੀਅਰ ਨੂੰ ਲੈ ਕੇ ਮੇਰਾ ਇਹੀ ਰੁਖ਼ ਹੈ।


* ਅੱਗੇ ਤੁਹਾਨੂੰ ਕਿਸ ਫਿਲਮ 'ਚ ਲੋਕ ਦੇਖਣ ਸਕਣਗੇ?

–ਹੁਣੇ ਮੈਂ ਫਿਲਮ 'ਹਾਊਸਫੁਲ 4' ਕਰ ਰਹੀ ਹਾਂ। ਇਸ ਫਿਲਮ ਦਾ ਬਜਟ 180–200 ਕਰੋੜ ਤੱਕ ਹੋਣ ਵਾਲਾ ਹੈ।


ਮੂੰਹੋ ਬੋਲਦੀ Kitchen and Washroom ਬਣਵਾਓ

**Pearson**
**Kitchen & Cabinet**

Free Estimate
We Specialize in granite, quartz & marble countertops




We Specialize In:
100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call **Vikramjit Sangha: 416-200-0931**

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)



Tri-City Professional Realty Inc., Brokerage
Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ


- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8

Avtar Singh Tiwana
Sales Rep




Darcel/Brandon Gate

ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੌਰ।





Chinguacousy/Sandalwood

5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।




Niagara Falls Ontario

ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੌ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।




Castlemore/Goreway

4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਂਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।



ਸ੍ਰੀ ਗੁਰੂ ਸਿੰਘ ਸਭਾ ਮਾਲਟਨ ਵਿਖੇ

ਚਾਲੀ ਮੁਕਤਿਆਂ ਦੀ ਯਾਦ ਵਿੱਚ 13ਵਾਂ

ਵਾਹਿਗੁਰੂ ਨਾਮ ਸਿਮਰਨ ਸਮਾਗਮ

14 ਜਨਵਰੀ ਤੋਂ 23 ਫਰਵਰੀ ਤੱਕ

ਰੋਜ਼ਾਨਾ ਅੰਮ੍ਰਿਤ ਵੇਲੇ


ਸੁਖਮਨੀ ਸਾਹਿਬ (ਸੰਗਤੀ ਰੂਪ) 3:00 ਤੋਂ 4:30 ਵਜੇ ਤੱਕ

"ਵਾਹਿਗੁਰੂ" ਸਿਮਰਨ 4:30 ਤੋਂ 5:30 ਵਜੇ ਤੱਕ

ਰੋਜ਼ਾਨਾ ਸ਼ਾਮ ਨੂੰ

"ਵਾਹਿਗੁਰੂ" ਸਿਮਰਨ 7:00 ਤੋਂ 8:00 ਵਜੇ ਤੱਕ

ਅੰਮ੍ਰਿਤ ਸੰਚਾਰ
23 ਫਰਵਰੀ ਸਵੇਰੇ
1:00 ਵਜੇ



Sri Guru Singh Sabha Malton Canada 905-671-1662
Watch Live on ATN & www.srigurusinghsabhamalton.com



BEST CANADIAN TRUCK & FORKLIFT TRAINING CENTRE

Registered as a Private Career College Under the Private Career Colleges Act. 2005



- AZ Tractor Trailer Program
- Manual Transmission & Backup Training Everyday
- We Welcome Welfare & Workers Compensation Clients

**SPECIAL**
Forklift Re-Certification
Only $69

Cell: 416-670-3173
Tell: 905-799-7333

Open 7 Days

27-B Edvac Drive, Brampton, ON L6S 5X8



Karnail Singh

# IFS INTERSTATE FREIGHT SYSTEMS INC.

## A/Z ਡਰਾਈਵਰ ਤੇ ਡਿਸਪੈਚਰ ਦੀ ਲੋੜ

USA, Montreal, Montreal Local Within Ontario ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ

**Also Hiring Owner Operators for local work**

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
- Experienced ਡਿਸਪੈਚਰਾਂ ਦੀ ਵੀ ਲੋੜ ਹੈ

Please send resume at:
jgill@interstatefreightsystem.com
Call: 416-452-0677, 647-448-3500
( Monday to Friday | 10am to 5pm)

IFS

# AZ DRIVERS JOB FAIR

## SEEKING DRIVERS FOR RUNS TO U.S

Hourly Pay 100%; We are currently hiring AZ drivers for runs to US; Our drivers are the heart of our company; Come in to check out our facility, see our trucks and meet Our Team!

{ AZ ਡਰਾਈਵਰਾਂ ਦੀ ਲੋੜ ਹੈ, ਤਨਖਾਹ ਹਰ ਹਫ਼ਤੇ, ਨਵੇਂ ਬਰੈਂਡ ਨਿਉ ਟੱਰਕ, ਸ਼ਨਿੱਚਰਵਾਰ ਤੇ ਐਤਵਾਰ ਨੂੰ ਘਰੇ। }

**Location:** Comfort Inn, 1500 Matheson Blvd, Mississauga
**Date:** Thursday, February 7th from 11 am to 7 pm

- Hourly Rates
- Direct deposit weekly
- New Automatic trucks 2017-2018
- Long term employment
- Regular customers & Regular routes.
- Home every week
- Open door policy
- Dedicated manager to help fix any issues

Bring your resume, abstract and CVOR. Cant make it to job fair? Give us a call today at 416.742.2345 ext.4496 or email us at amanda.mangal@xtl.com

XTL TRANSPORT LOGISTICS DISTRIBUTION

XTL is an equal opportunity employer that embraces diversity in the workplace and equivalently considers applications from qualified women, men, visible minorities, aboriginal people and persons with disabilities. At XTL you will find the place that suits you!



